# ਸੁਰਖ਼ਾਬ ਦੇ ਪਰ

# ਸੁਰਖ਼ਾਬ ਦੇ ਪਰ

(ਗ਼ਜ਼ਲ ਸੰਗ੍ਰਹਿ)

ਅਮਨਦੀਪ ਅਮਨ

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

**ਸੁਰਖ਼ਾਬ ਦੇ ਪਰ**

(ਗ਼ਜ਼ਲ ਸੰਗ੍ਰਹਿ)

**ਅਮਨਦੀਪ 'ਅਮਨ'**

#12140, ਸ਼ਹੀਦ ਭਗਤ ਸਿੰਘ ਨਗਰ,
ਗਲੀ ਨੰ: 7, ਨਰੂਆਣਾ ਰੋਡ, ਬਠਿੰਡਾ
ਪਿੰਨ ਕੋਡ : 151005
ਮੋ: 94636-09540
Email: theaman3d@gmail.com

© ਲੇਖਕ

ਪਹਿਲੀ ਵਾਰ: 2016

ਪ੍ਰਕਾਸ਼ਕ : **ਤਰਕਭਾਰਤੀ ਪ੍ਰਕਾਸ਼ਨ**
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ।
ਫੋਨ : 01679-241744, 233244 ਫੈਕਸ : 241744
Email: tarksheel@gmail.com
www.thepunjabi.com

ਛਾਪਕ : **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

ਕੀਮਤ : 100/-

*N 2016 All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਿਤ

ਮੇਰੇ ਨਾਨਾ ਸਵਰਗਵਾਸੀ ਸ. ਗੁਰਦੇਵ ਸਿੰਘ (ਰਿਟਾ. ਮੇਟ)

ਅਤੇ

ਨਾਨੀ ਸਵਰਗਵਾਸੀ ਸ੍ਰੀਮਤੀ ਜੰਗੀਰ ਕੌਰ ਜੀ

ਵਾਸੀ ਪਿੰਡ-ਦਾਤੇਵਾਸ (ਮਾਨਸਾ)

ਦੇ

ਨਾਂ

# ਮੁੱਖ ਬੰਧ

ਈਰਾਨੀ ਸਾਹਿਤ ਦੇ ਉਦਰ 'ਚੋਂ ਜਨਮੀ, ਕਾਵਿ ਵਿਧਾ ਗ਼ਜ਼ਲ ਦਾ ਪੰਜਾਬੀ ਭਾਸ਼ਾ ਦੇ ਕਾਵਿ ਰੂਪਾਂ ਵਿੱਚ ਨਿਵੇਕਲਾ ਸਥਾਨ ਹੈ। ਪੰਜਾਬੀ ਭਾਸ਼ਾ ਦੇ ਵਿਯੋਗੀ ਲੱਛਣ, ਵਿਭਕਤੀ ਚਿੰਨ/ਰੂਪਾਂ ਅਤੇ ਅਮੁੱਕ ਸ਼ਬਦ ਭੰਡਾਰ ਨੇ ਗ਼ਜ਼ਲ ਵੰਨਗੀ ਨੂੰ ਹੋਰ ਵੀ ਮੌਲਣ, ਵਿਗਸਣ ਅਤੇ ਨਿਸਰਣ ਲਈ ਜ਼ਰਖੇਜ਼ ਮਿੱਟੀ ਮੁੱਹਈਆ ਕਰਵਾਈ ਹੈ। ਫਲਸਰੂਪ ਪੰਜਾਬੀ ਕਾਵਿ ਵਿੱਚ ਗ਼ਜ਼ਲ ਦਾ ਘੇਰਾ ਹੋਰ ਵੀ ਮੋਕਲਾ ਵ ਵਸੀਹ ਹੋ ਗਿਆ ਹੈ। ਭਾਵੇਂ ਯਥਾਰਥ ਅਤੇ ਮੌਲਿਕਤਾ ਵਿੱਚ ਕੋਈ ਅੰਤਰ ਨਹੀਂ ਹੈ। ਫੇਰ ਵੀ ਰਵਾਇਤੀ ਕਵਿਤਾ ਨਾਲੋਂ ਗ਼ਜ਼ਲ ਫੱਬਦੀ ਇਸ ਕਰਕੇ ਹੈ ਕਿ ਇਹ ਹਮੇਸ਼ਾਂ ਅਰੂਜ਼ ਦਾ ਰੇਸ਼ਮ ਹੰਢਾਉਂਦੀ ਹੈ। ਨਿਯਮਾਂ/ਅਸੂਲਾਂ ਦੀ ਪੰਜੇਬ, ਗ਼ਜ਼ਲ ਰਵਾਨਗੀ ਵਿੱਚ ਮੜਕ ਭਰਦੀ ਹੈ। ਅਜੋਕੀ ਗ਼ਜ਼ਲ ਦਾ ਮਿਜਾਜ਼ ਵੀ ਇਸ਼ਕ ਮੁਸ਼ਕ ਦਾ ਸਤਹੀ ਪੱਧਰ ਨਹੀਂ ਰਿਹਾ ਸਗੋਂ ਮਾਨਵੀ ਪਸਾਰ ਦੇ ਬਹੁਪਰਤੀ ਵਿਸ਼ਿਆਂ ਨੂੰ ਕਲਾਵੇ ਵਿੱਚ ਲੈਣ ਦੇ ਸਮਰੱਥ ਹੋਇਆ ਹੈ। ਪੰਜਾਬੀ ਸਾਹਿਤ ਵਿੱਚ ਇਸ ਵੰਨਗੀ ਨੇ ਕਾਫੀ ਲੰਮਾ ਪੈਂਡਾ ਮਾਰ ਲਿਆ ਹੈ। ਕਹਿਣ, ਸੁਨਣ ਅਤੇ ਪੜ੍ਹਨ ਪੱਖੋਂ ਇਹ ਕਵੀਆਂ, ਸਰੋਤਿਆਂ ਅਤੇ ਪਾਠਕਾਂ ਦੀ ਪਹਿਲੀ ਮਨਪਸੰਦ ਵਿਧਾ ਬਣ ਰਹੀ ਹੈ। ਵਿਸ਼ੇਸ਼ ਕਰਕੇ ਨੌਜਵਾਨ ਪੀੜੀ ਗ਼ਜ਼ਲ ਲਿਖਣ ਵੱਲ ਵੱਧ ਰੁਚਿਤ ਹੋਈ ਹੈ। ਉਰਦੂ ਭਾਸ਼ਾ ਦੇ ਗਿਆਨ, ਅਰੂਜ਼/ਪਿੰਗਲ ਦੀ ਮੁਹਾਰਤ ਅਤੇ ਪ੍ਰੌਢ,ਤਜਰਬੇਕਾਰ ਗ਼ਜ਼ਲਗੋ ਉਸਤਾਦ ਦੀ ਰਹਿਨੁਮਾਈ ਬਿਨਾ ਵਿਧਾ ਦੇ ਨਿਭਾਅ ਵਿੱਚ ਪੁਖਤਗੀ ਨਹੀਂ ਆ ਸਕਦੀ। ਗ਼ਜ਼ਲ ਕਹਿਣ ਦੀ ਮੁਹਾਰਤ ਲਈ ਕਾਮਲ ਉਸਤਾਦ ਦੀ ਇਸਲਾਹ ਵ ਤਕਤੀਹ ਅਤਿ ਅਵੱਸ਼ਕ ਹੈ। ਭਾਵ ਗ਼ਜ਼ਲ ਗੋਈ ਲਈ ਅਰੂਜ ਦੀ ਪਾਲਣਾ ਅਤੇ ਸਾਧਨਾ ਅਤਿਅੰਤ ਜਰੂਰੀ ਹੈ। ਅਰੂਜੀ ਤਕਨੀਕ ਸੱਖਣੀ ਰਚਨਾ ਗ਼ਜ਼ਲ ਹੋ ਹੀ ਨਹੀਂ ਸਕਦੀ। ਹੁਣ ਦੂਜੇ ਪਾਸੇ,ਵਾਰਤਕ ਜਿਹੀ ਅਰੂਜ਼/ਪਿੰਗਲ ਵਿਹੂਣੀ ਕਾਵਿ ਵੰਨਗੀ ਨੂੰ ਵੀ ਕਵਿਤਾ ਕਹਿ ਲਿਆ ਜਾਂਦਾ ਹੈ, ਜੋ ਠੀਕ ਨਹੀਂ।ਬਹੁਤੇ ਗ਼ਜ਼ਲਗੋ ਅਰੂਜ਼ੀ ਇਲਮ ਤੋਂ ਕੋਰੇ ਹੋਣ ਕਾਰਨ ਆਮ ਕਾਵਿ ਰਚਨਾਵਾਂ ਨੂੰ ਵੀ ਗ਼ਜ਼ਲ ਦਾ ਨਾਉਂ ਦੇ ਕੇ ਖੁਸ਼ਫਹਿਮੀ ਪਾਲਦੇ ਹਨ, ਜਿਨਾਂ ਨੂੰ ਹਰਗਿਜ਼ ਗ਼ਜ਼ਲ ਨਹੀਂ ਕਿਹਾ ਜਾ ਸਕਦਾ ।

ਹਥਲੀ ਪੁਸਤਕ 'ਸੁਰਖ਼ਾਬ ਦੇ ਪਰ' (ਗ਼ਜ਼ਲ ਸੰਗ੍ਰਹਿ) ਲੈ ਕੇ ਅਮਨਦੀਪ 'ਅਮਨ' ਆਪਣੇ ਸੂਝਵਾਨ ਪਾਠਕਾਂ/ਅਲੋਚਕਾਂ ਦੀ ਸੱਥ ਵਿੱਚ ਹਾਜਿਰ ਹੋਇਆ ਹੈ। 'ਅਮਨ' ਨਵੀਂ ਪੀੜ੍ਹੀ ਦਾ ਸਥਾਪਿਤ ਲੇਖਕ ਹੈ। ਗ਼ਜ਼ਲ ਵਿਧਾ 'ਤੇ ਹੱਥ ਅਜਮਾਉਣ ਲਈ ਨਾ ਸਿਰਫ ਉਸਨੇ ਅਰੂਜ਼ ਵ ਪਿੰਗਲ ਦੀ ਤਾਲੀਮ ਹਾਸਿਲ ਕੀਤੀ ਸਗੋਂ ਬਕਾਇਦਾ ਸਿਰਮੌਰ ਗ਼ਜ਼ਲ ਉਸਤਾਦ ਤੋਂ ਇਸਲਾਹ ਔਰ ਤਕਤੀਹ ਕਰਵਾਈ ਹੈ। ਲੇਖਕ ਨੇ ਉਰਦੂ,ਅਰਬੀ, ਫ਼ਾਰਸੀ ਦੀਆਂ ਬਹਿਰਾਂ ਸਮੇਤ ਭਾਰਤੀ ਸੰਸਕ੍ਰਿਤੀ ਦੇ ਦਰਸ਼ਨ ਸਾਸ਼ਤਰ ਪਿੰਗਲ 'ਤੇ ਵੀ ਮਜਬੂਤ ਪਕੜ ਬਣਾਈ ਰੱਖੀ ਹੈ। ਪੰਜਾਬੀ ਲੋਕਧਾਰਾ ਵਿੱਚ

ਵੀ ਆਪਣੀ ਵਿਧਾ ਨੂੰ ਰੰਗਿਆ ਹੈ।

'ਅਮਨ' ਦੇ ਸ਼ਿਅਰਾਂ ਵਿਚਲਾ ਵਿਸ਼ਾ ਵਸਤੂ ਬਹੁਭਾਂਤੀ ਹੈ, ਉਸ ਨੇ ਜ਼ਿੰਦਗੀ ਲਈ ਜੂਝਦੇ ਮਨੁੱਖ ਦੇ ਮਾਨਵੀ ਸਰੋਕਾਰਾਂ ਨੂੰ ਪ੍ਰਵੀਨਤਾ ਨਾਲ ਕਿਹਾ ਹੈ। ਸਨਅਤੀ ਦੌਰ ਵਿੱਚ ਆਮ ਆਦਮੀ ਦੇ ਸੰਘਰਸ਼ੀ, ਨੈਤਿਕ, ਪਰਮਤੱਥ ਨੂੰ 'ਪੋਹਲੀ ਦੇ ਫੁੱਲ' ਵੱਜੋਂ ਚਿੰਨਤ ਕਰਨਾ 'ਅਮਨ' ਦੀ ਲੇਖਣ ਕਲਾ ਦਾ ਸਿਖਰ ਹੈ। ਮੁਕਦੀ ਗੱਲ ਉਸਨੇ ਕੁਦਰਤ ਦੀ ਗੋਦ 'ਚ ਪਸਰੀ ਕਾਇਨਾਤ ਅਤੇ ਆਧੁਨਿਕ ਸਮਾਜ ਦੇ ਪਰਿਪੇਖ ਵਿੱਚਲੇ ਵਿਸ਼ਿਆਂ ਨੂੰ ਆਪਣੀਆਂ ਰਚਨਾਵਾਂ ਦਾ ਕੇਂਦਰ ਬਿੰਦੂ ਬਣਾਇਆ ਹੈ।

ਨਿਰਸੰਦੇਹ ਲੇਖਕ ਸਰਵ ਪੱਖੋਂ ਵਧਾਈ ਤੇ ਪ੍ਰਸੰਸਾ ਦਾ ਹੱਕਦਾਰ ਹੈ। ਇਸ ਸੱਜਰੀ ਕਿਰਤ (ਗ਼ਜ਼ਲ ਸੰਗ੍ਰਹਿ) ਦਾ ਨਿੱਘਾ ਸੁਆਗਤ ਕਰਨਾ ਬਣਦਾ ਹੈ।

**-ਤੋਤਾ ਰਾਮ 'ਚੀਮਾ'**

#11938,ਵਾਰਡ 37

ਗਲੀ ਨੰ :2,ਢਿੱਲੋ ਬਸਤੀ,

ਨਰੂਆਣਾ ਰੋਡ,ਬਠਿੰਡਾ ।

151005

ਮੋ: 9815254838

# ਮੇਰੇ ਵੱਲੋਂ

"ਪੰਜਵੇਂ ਪੀਰ ਨੇ ਲੈ, ਹੀਰ ਬਖ਼ਸੀ ਚਾਕ ਨੂੰ, ਹੱਥੀ ਹੀਰ ਦੇ ਲੈ, ਚੂਰੀ ਤੂੰ ਖਾਈਂ। ਜਾਹ ਉਏ ਹੀਰ ਤੈਨੂੰ ਬਖ਼ਸੀ ਭੂਰੀ ਵਾਲਿਆ, ਹੋਰ ਕਿਸੇ ਦੇ ਇਹ ਓਟਣ ਦੀ ਨਾਹੀਂ।"

ਪੀਰ ਨੇ ਪਾਣੀ ਵਿੱਚੋਂ ਬੰਸਰੀ ਦਾ ਇੱਕ ਕਾਨਾ ਪੁੱਟਿਆ, ਦੋ ਲੰਮੀਆਂ ਪੋਰੀਆਂ ਕੱਟ ਕੇ ਅਗਲੇ ਸਿਰੇ ਤੇ ਕੁੱਝ ਛੇਕ ਕਰ ਦਿੱਤੇ। ਪਿਛਲੇ ਸਿਰੇ ਨੂੰ ਕਲਮ ਵਾਗੂੰ ਤਿਰਛਾ ਕੱਟ ਕੇ ਵਿੱਚ ਜੀਭੀਆਂ ਪਾ ਦਿੱਤੀਆਂ। ਬੱਸ ਬਣ ਗਈ ਵੰਝਲੀ - ਮੈਨੂੰ ਵਜਾਉਣਾ ਸਿਖਾਇਆ, ਵੰਝਲੀ ਵੀ ਮੈਨੂੰ ਦੇ ਦਿੱਤੀ। ਖੂੰਡੀ, ਕੰਬਲੀ, ਪਊਏ ਤੇ ਵੰਝਲੀ ਭਾਵੇਂ ਮੇਰੇ ਕੋਲ ਨੇ ਪਰ ਵੰਝਲੀ ਮੇਰੇ ਲਈ ਇੱਕ ਨਿਆਮਤ ਹੈ। ਜਦੋਂ ਮੈਂ ਵੰਝਲੀ ਵਿੱਚ ਫੂਕ ਮਾਰਦਾ ਹਾਂ ਇਸ ਦੀ ਹੂਕ ਧੁਰ ਦਰਗਾਹ ਵਿੱਚ ਜਾ ਸੁਣਦੀ ਹੈ।

"ਸੁਰਖ਼ਾਬ ਦੇ ਪਰ" ਗ਼ਜ਼ਲ ਸੰਗ੍ਰਿਹ ਮੇਰੀ ਪਲੇਠੀ ਪੁਸਤਕ ਹੈ। ਕਲਾ ਕਿਸੇ ਨਾ ਕਿਸੇ ਰੂਪ ਵਿੱਚ ਹਰ ਕਲਾਕਾਰ ਲਈ ਵਿਰਸੇ ਤੋਂ ਮਿਲਿਆ ਜਨਮ-ਸਿੱਧ ਅਧਿਕਾਰ ਹੁੰਦਾ ਹੈ। ਜਦੋਂ ਇਸ ਅੰਦਰਲੀ ਕਲਾ ਦੇ ਸੁੱਤੇ ਨਾਗ ਨੂੰ ਝੰਜੋੜਿਆ ਜਾਂਦਾ ਹੈ ਤਾਂ ਇਹ ਫਣ ਖਿਲਾਰ ਕੇ ਫੁੰਕਾਰੇ ਮਾਰਨ ਤੇ ਉੱਤਰ ਆਉਂਦਾ ਹੈ।

ਮੈਂ ਉਪਰੋਕਤ ਗੱਲਾਂ ਬਿੰਬ, ਪ੍ਰਤੀਬਿੰਬ, ਉਪਮਾ ਅਲੰਕਾਰ ਦੇ ਰੂਪ ਵਿੱਚ ਸਹਿਜ-ਮਤੇ ਪਰ ਚੇਤਨਤਾ ਨਾਲ ਆਪਣੀ ਇਸ ਹੱਥਲੀ ਪੁਸਤਕ ਦੇ ਬਾਰੇ ਹੀ ਕਹਿ ਰਿਹਾ ਹਾਂ।

ਇਰਾਨ ਦੇ ਵਸਨੀਕ (ਅੱਠਵੀਂ ਸਦੀ) ਖ਼ਲੀਲ-ਬਿਨ-ਅਹਿਮਦ ਨੇ ਤਤਕਾਲੀਨ ਕਸ਼ੀਦਾ ਪਰੰਪਰਾ ਨੂੰ ਤੋੜ ਕੇ ਗ਼ਜ਼ਲਗੋਈ ਫਨ ਨੂੰ ਉਜਾਗਰ ਕੀਤਾ।ਉਸ ਵੇਲੇ ਗ਼ਜ਼ਲ-ਵਿਧਾ ਦਾ ਕੀ ਰੂਪ ਸੀ? ਉਸ ਸਮੇਂ ਦੀਆਂ ਲਿਖਤਾਂ ਵਿੱਚ ਉਪਲੱਭਧ ਹੈ। ਉਸ ਵੇਲੇ ਗ਼ਜ਼ਲ ਦੇ ਤਿੰਨ ਅੰਗ ਹੁੰਦੇ ਸਨ। ਪਹਿਲਾ, ਸੁੰਦਰ ਨੌਜਵਾਨ ਔਰਤ ਨਾਲ ਗੱਲਾਂ ਕਰਨੀਆਂ ਫੇਰ ਸੋਗਮਈ ਪ੍ਰਗਟਾਵਾ ਫਿਰ ਅੱਲਾਹ ਦਾ ਸ਼ੁਕਰ ਅੰਤ ਤੇ ਗ਼ਜ਼ਲਗੋ ਦਾ ਨਾਂ। ਸਮਾਂ ਬੀਤਦਾ ਗਿਆ। ਗ਼ਜ਼ਲਗੋਈ ਵਿੱਚ ਉਤਰਾਅ-ਚੜ੍ਹਾਅ, ਉਥਲ-ਪੁਥਲ ਸੁਪਨੇ ਤੇ ਸੰਸਕਾਰਾਂ ਦਾ ਤ੍ਰਿਸਕਾਰ ਅਤੇ ਨਵੀਆਂ ਭਾਵਨਾਵਾਂ ਦੀ ਉਜਾਗਰਤਾ ਆਉਂਦੀ ਗਈ। ਗ਼ਜ਼ਲ ਦੀ ਰੂਪ ਰੇਖਾ ਬਦਲਦੀ ਗਈ। ਅੱਜ ਤਾਂ ਅਸੀਂ ਇੱਕੀਵੀਂ ਸਦੀ ਵਿੱਚ ਖੜ੍ਹੇ ਹਾਂ। ਗ਼ਜ਼ਲ ਦੇ ਉਪਰੋਕਤ ਬਿਆਨੇ ਇਤਿਹਾਸ ਨੂੰ ਲੱਗਭਗ ਤੇਰਾਂ ਸੌ ਸਾਲ ਹੋ ਗਏ ਹਨ। ਫਾਰਸੀ ਅਤੇ ਪਸ਼ਤੋ ਵਿੱਚੋਂ ਨਿਕਲ ਕੇ ਗ਼ਜ਼ਲ ਨੇ ਉਰਦੂ ਜੁਬਾਨ ਵਿੱਚ ਪ੍ਰਵੇਸ਼ ਕੀਤਾ ਅਤੇ ਸਿੱਖਰਲੀ ਮੰਜ਼ਿਲ 'ਤੇ ਜਾ ਅੱਪੜੀ। ਇੱਥੋਂ ਤੱਕ ਕਿ ਕਿਸੇ ਪ੍ਰਸਿੱਧ ਉਰਦੂ ਸ਼ਾਇਰ ਨੇ ਕਿਹਾ ਹੈ ਕਿ ਉਰਦੂ ਜੁਬਾਨ ਤੋਂ ਮਿੱਠੀ ਕੋਈ ਜੁਬਾਨ ਨਹੀਂ ਹੋ ਸਕਦੀ। ਪਰ ਇਹ ਗੱਲ ਵੀ ਸੱਚ ਦੀ ਕਸੌਟੀ ਤੇ ਪੂਰੀ ਉੱਤਰ ਨਾ ਸਕੀ। ਗ਼ਜ਼ਲ ਪੰਜਾਬੀ ਜੁਬਾਨ ਵਿੱਚ ਆਈ, ਮੁਕੰਮਲ ਤੌਰ ਤੇ ਪ੍ਰਵਾਨ ਚੜ੍ਹੀ। ਖ਼ਲੀਲ-ਬਿਨ-ਅਹਿਮਦ

ਵੱਲੋਂ ਨਿਸ਼ਚਿਤ ਕੀਤੀਆਂ ਬਹਰਾਂ ਦੇ ਮੱਕੜਜਾਲ ਵਿੱਚੋਂ ਬਾਹਰ ਨਿੱਕਲੀ ਅਤੇ ਮੋਕਲੇ ਸਥਾਨ ਵਿੱਚ ਆ ਗਈ। ਪੰਜਾਬੀ ਜ਼ੁਬਾਨ ਵਿੱਚ ਗ਼ਜ਼ਲ ਲਿਖਣੀ ਆਰੰਭ ਹੋਈ ਅਤੇ ਮੁਕੰਮਲ ਤੌਰ ਤੇ ਪ੍ਰਵਾਨ ਚੜ੍ਹੀ। ਨਵੇਂ ਅਰਕਾਨ, ਨਵੇਂ ਵਜ਼ਨ, ਨਵੀਆਂ ਬਹਾਰਾਂ ਜੋ ਪੰਜਾਬੀ ਲੋਕ ਸਾਹਿਤ, ਅਗਿਆਤ ਅਤੇ ਪੰਜਾਬੀ ਛੰਦਾ-ਬੰਦੀ, ਪਿੰਗਲ ਦੇ ਆਧਾਰਿਤ ਰਚਨਾਵਾਂ ਦੇ ਨਵੇਂ ਮਾਪਦੰਡ ਅਪਣਾਏ ਗਏ ਪੰਜਾਬੀ ਗ਼ਜ਼ਲ ਇੱਕ ਸਜ-ਮੁਕਲਾਈ ਨਾਰ ਵਾਗੂੰ ਸਜੀ-ਧਜੀ ਸਾਹਿਤ ਦੀ ਪੀਂਘ ਉੱਤੇ ਹੀਂਘਾਂ ਚੜ੍ਹਾਉਣ ਲੱਗੀ ਅਤੇ ਸੱਸ ਦਾ ਝਾਟਾ ਤੋੜ ਕੇ ਨਿਆਉਣ ਲੱਗੀ। ਅੱਜ ਪੰਜਾਬੀ ਗ਼ਜ਼ਲ ਪੂਰੇ ਜ਼ੋਬਨ ਤੇ ਹੈ। ਕਵਿਤਾ ਹੋਵੇ ਜਾਂ ਗ਼ਜ਼ਲ ਦੋਵੇਂ ਸਿਨਫ, ਪਿੰਗਲ ਅਤੇ ਅਰੂਜ਼ ਦੇ ਧਾਰਨੀ ਤਾਂ ਹਨ ਹੀ, ਲੋਕ ਸਾਹਿਤ ਦੀਆਂ ਵੰਨਗੀਆਂ ਦੇ ਵਜਨ ਵੀ ਇਸੇ ਵਿੱਚ ਸ਼ਾਮਲ ਹੋ ਗਏ ਹਨ ਜਿਨ੍ਹਾਂ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਹੈ। ਜੋ ਲੋਕ ਇਹ ਕਹਿੰਦੇ ਸਨ ਕਿ ਗ਼ਜ਼ਲ ਇੱਕ ਬੋਝਲ ਅਕਾਉਣੀ ਅਤੇ ਥਕਾਉਣੀ ਵਿਧਾ ਹੈ, ਉਹ ਗਲਤ ਸਾਬਤ ਹੋਏ ਹਨ ਕਿਉਂਕਿ ਗ਼ਜ਼ਲ ਇੱਕ ਹਿਰਨੋਟੇ ਵਾਂਗੂੰ ਚੁੰਘੀਆਂ ਭਰਦੀ ਹੋਰ ਵੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਸ਼ਾਲਾ-! ਇਹ ਪਰੰਪਰਾ ਕਾਇਮ ਰਹੇ।

ਕੁੱਝ ਵੀ ਹੋਵੇ, ਸਰਬ-ਸੰਪੰਨ ਗੁਜ਼ਲਗੋ "ਜਨਾਬ ਸ੍ਰੀ ਤੋਤਾ ਰਾਮ ਚੀਮਾ ਜੀ" ਜੋ ਨੇਕ ਰਹਿਣੀ ਬਹਿਣੀ ਵਾਲੀ ਅਸਾਧਾਰਨ ਸਖਸ਼ੀਅਤ ਨੇ, ਨਾ ਸਿਰਫ ਸਾਹਿਤਕ ਬਰੀਕੀਆਂ ਬਾਰੇ ਸਗੋਂ ਜ਼ਿੰਦਗੀ ਦੀ ਸਮੁੱਚੀ ਸੰਰਚਨਾ ਬਾਰੇ ਵੀ ਮੇਰਾ ਮਾਰਗ ਦਰਸ਼ਨ ਕੀਤਾ। ਮੈਂ "ਜਨਾਬ ਸ੍ਰੀ ਤੋਤਾ ਰਾਮ ਚੀਮਾ ਜੀ" ਤੋਂ ਫਨ-ਇ-ਗ਼ਜ਼ਲ ਹਾਸਿਲ ਕੀਤਾ। ਕਿੰਨਾ ਕੁ ਹਾਸਲ ਕੀਤਾ? ਇਸ ਨੂੰ ਸਿੱਧ ਕਰਨਾ ਮੇਰੀ ਸਿਰਜਣ-ਯੋਗਤਾ ਅਤੇ ਆਲਮ-ਫਾਜ਼ਿਲ ਪਾਠਕਾਂ ਤੇ ਨਿਰਭਰ ਕਰਦਾ ਹੈ। ਇਸੇ ਆਸ ਨਾਲ।

ਤੁਹਾਡਾ ਆਪਣਾ,

**ਅਮਨਦੀਪ 'ਅਮਨ'**

#12140, ਸ਼ਹੀਦ ਭਗਤ ਸਿੰਘ ਨਗਰ,
ਗਲੀ ਨੰ: 7, ਨਰੂਆਣਾ ਰੋਡ, ਬਠਿੰਡਾ
ਪਿੰਨ ਕੋਡ : 151005
ਮੋ: 94636-09540
Email: theaman3d@gmail.com

# ਗ਼ਜ਼ਲਾਂ

ਮੈਂ ਪੀਲ਼ਾ ਫੁੱਲ ਹਾਂ ਪੋਹਲੀ ਦਾ, ਮੈਂ ਰੋਹੀਆਂ ਨੂੰ ਮਹਿਕਾਉਂਦਾ ਹਾਂ।
ਨਾ ਸ਼ਰਅ ਕਬੂਲੇ ਖੇਦ ਨਹੀਂ, ਇਹ ਸ਼ਰਅ ਨੂੰ ਮੈ ਠੁਕਰਾਉਂਦਾ ਹਾਂ।

ਮੈਂ ਆਕੀ ਮਜਹਬ - ਪ੍ਰਸਤੀ ਤੋਂ, ਬੱਸ ਮੈਨੂੰ ਤਾਂ ਇਨਸਾਨ ਕਹੋ,
ਮੈਂ ਉਹੀਉ ਸਰਘੀ ਦਾ ਤਾਰਾ, ਸੂਰਜ ਤੋਂ ਪਹਿਲਾਂ ਆਉਂਦਾ ਹਾਂ।

ਮੈਂ ਪਰਮਜੋਤ ਦਾ ਚਾਨਣ ਹਾਂ, ਮੇਰੇ ਤੇ ਉਸ ਵਿੱਚ ਫਰਕ ਨਹੀਂ,
ਅਨਹਲ ਅਹਮ ਬ੍ਰਹਮ ਦੇ ਰੁਤਬੇ ਦਾ, ਮੈਂ ਹੱਕਦਾਰ ਕਹਾਉਂਦਾ ਹਾਂ।

ਮੇਰੇ ਕੋਲ ਹੈ ਪੁਸਤਕ ਕੁਦਰਤ ਦੀ, ਪੜ੍ਹਦਾ ਹਾਂ ਅੱਖਰ ਉਸ ਵਿਚਲੇ,
ਮੈਂ ਜਾਣੀ - ਜਾਣ ਭਵਿੱਖਤ ਦਾ, ਮੈਂ ਸੱਚੋ - ਸੱਚ ਅਲਾਉਂਦਾ ਹਾਂ।

ਮਨਸੂਰ ਨਾ ਸੁਕਰਾਤ ਕਹੋ, ਮੈਨੂੰ ਕੋਈ ਰੁਤਬਾ ਨਾ ਦੇਵੋ,
ਇੱਥੇ ਰੁਤਬੇ ਪੂਜੇ ਜਾਂਦੇ ਨੇ, ਮੈਂ ਰੁਤਬੇ ਨੂੰ ਠੁਕਰਾਉਂਦਾ ਹਾਂ।

ਮੈਂ ਬਾਗੀ ਕੱਚੀ ਬਾਣੀ ਤੋਂ, ਮੈਂ ਆਸ਼ਿਕ ਅੰਬਰੀ ਕਾਂਗਾਂ ਦਾ,
ਸੁਰ ਲੈ ਕੇ ਅੰਬਰੀ ਕਾਂਗਾਂ ਦੇ, ਸਪਤਕ 'ਤੇ ਰਾਗ ਉਠਾਉਂਦਾ ਹਾਂ।

ਜੇਕਰ ਸਾਗਰ ਨਾ ਹੁੰਦਾ, ਇਹ ਧਰਤੀ ਵੀ ਤਾਂ ਨਾ ਹੁੰਦੀ,
ਮੈਂ ਮਾਲਕ ਚਾਰੇ ਖਾਣੀ ਦਾ, ਮੈਂ ਚੌਦਾਂ ਰਤਨ ਉਗਾਉਂਦਾ ਹਾਂ।

ਕਦੇ ਵਣ ਵਧਦਾ, ਕਦੇ ਜਣ ਵਧਦਾ, ਇਹਨੂੰ ਕਰਤਾ ਦੀ ਇੱਕ ਖੇਡ ਕਹੋ,
ਸੰਤੁਲਣ ਦਾ ਨਾਂ ਹੀ ਜਿੰਦਗੀ ਹੈ, ਸੰਤੁਲਨ ਨੂੰ ਮੈਂ ਅਪਣਾਉਂਦਾ ਹਾਂ।

ਸੁਰਖ਼ਾਬ ਦੇ ਪਰ ਫਿਰ ਮੱਚਣਗੇ, ਉਸ ਖ਼ਾਕ 'ਚੋਂ ਫਿਰ ਪਰਵਾਜ਼ ਉੱਠੂ ,
ਪਰਵਾਜ਼ 'ਚੋਂ ਫਿਰ ਸੁਰਖ਼ਾਬ ਉੱਠੂ, ਮੈਂ 'ਅਮਨ' ਤਾਂ ਕਲਮ ਉਠਾਉਂਦਾ ਹਾਂ।

✪

ਧਰਤੀ ਦੇ ਬਦਨ ਉੱਤੇ ਚਾਦਰ ਹਰੀ ਹਰੀ।
ਤੁਪਕੇ ਤ੍ਰੇਲ ਦੇ 'ਤੇ ਸੂਰਜ ਦੀ ਰੌਸ਼ਨੀ।

ਫੁੱਲਾਂ 'ਤੇ ਭੌਰ ਉੱਮਡੇ ਲੱਭਦੇ ਨੇ ਵਾਸ਼ਨਾ,
ਤਿੱਤਲੀਆਂ ਦੀ ਮੁੱਢ –ਕਦੀਮੋਂ ਰੰਗਾਂ ਥੀਂ ਦੋਸਤੀ।

ਡੇਕਾਂ ਦਾ ਬੂਰ ਸ਼ਹਿਦਾ ਚਿੜੀਆਂ ਦਾ ਚਹਿਕਣਾ,
ਆਥਣ ਸਮੇਂ ਹੀ ਮੁੱਕਦੀ ਝੋਈ ਇਹ ਰਾਗਣੀ।

ਚੰਨ ਦੇ ਵਿਯੋਗ ਅੰਦਰ ਰੋਵੇ ਚਕੋਰ ਜਦ,
ਕੁਝ ਵੀ ਨਾ ਕਰ ਸਕੇ ਪਰ ਮੱਸਿਆ ਦੀ ਰਾਤਰੀ।

ਸਰਕੰਡਿਆਂ ਦੀ ਸਰ - ਸਰ ਪੌਣਾਂ ਨੂੰ ਚੀਰਦੀ,
ਖਾਮੋਸ਼ੀਆਂ ਨੂੰ ਖਾਂਦੀ ਦਿਨ ਭਰ ਸੰਜ਼ੀਦਗੀ।

ਜਦ ਮੋਰ ਪੈਲ ਪਾਉਂਦਾ, ਹੰਝੂ ਹੈ ਕੇਰਦਾ,
ਔੜਾਂ 'ਚ ਨਾਚ ਕਰਦੀ ਘਟ ਚੜ੍ਹਕੇ ਸਾਉਣ ਦੀ।

ਥੋਥੇ ਨੜੇ 'ਚੋਂ ਨਿੱਕਲੇ ਨਗਮਾ ਵੈਰਾਗ ਦਾ,
ਇਹੀਓ ਨੜਾ ਸੀ, ਜੋ ਸੀ ਰਾਝੇ ਦੀ ਵੰਞਲੀ।

ਸ਼ੈਤਾਨ ਬਣ ਗਿਆ ਹੈ ਬੰਦਾ ਸਵਾਰਥੀ,
ਨਿੱਕਲੀ ਉਤਾਰੇ ਵਿੱਚੋਂ ਬੰਦੇ ਦੀ ਖੋਪੜੀ।

ਅੱਛਾ! ਪ੍ਰਿਥਵੀ ਮੈਂ ਚਲਦਾਂ, ਚਲਦਾਂ ਪੱਤਾਲ ਨੂੰ,
'ਅਮਨ' ਮਿਲਾਂਗੇ ਤੜਕੇ ਹੁਣ ਰਾਤ ਹੋ ਗਈ।

✪

ਅਸੀਂ ਅੱਜ ਵੀ ਮੁਖਾਤਿਬ ਹਾਂ, ਵਤਨ ਦੇ ਨੌਜਵਾਨਾਂ ਨੂੰ।
ਬੁਲੰਦੀ ਕੁਝ ਨਹੀਂ ਕਹਿੰਦੀ, ਉਚੇਰੇ ਅਸਮਾਨਾਂ ਨੂੰ।

ਵਤਨ ਖਾਤਿਰ ਲਹੂ ਵਗਿਆ ਅਜਾਈਂ ਜਾਣ ਨਾ ਦੇਵੋ,
ਕਦੇ ਦਿਲ ਤੋਂ ਵਿਸਾਰੋ ਨਾ ਸੁਨਿਹਰੀ - ਦਾਸਤਾਨਾਂ ਨੂੰ।

ਬੜੇ ਸ਼ਾਤਿਰ, ਦਿਮਾਗੀ ਸਨ, ਕਹਾਉਂਦੇ ਸਨ ਅਜੇਤੂ ਉਹ,
ਉਹਨੀਂ ਪੈਰੀਂ ਪਿਆ ਮੁੜਨਾ ਸੀ ਪੱਛਮ ਦੇ ਸ਼ੈਤਾਨਾਂ ਨੂੰ।

ਭੁਲੇਖੇ ਨੇ, ਮਿਟਾ ਸਕਦੇ ਭਲਾਂ ਹਸਤੀ ਕਿਵੇ ਸਾਡੀ,
ਕਿਨਾਰੇ ਰੋਕ ਨਾ ਸਕਦੇ, ਕਦੀ ਮੂੰਹ - ਜ਼ੋਰ ਤੁਫਾਨਾਂ ਨੂੰ।

ਅਸੀਂ ਪਿੱਠ ਨਾ ਭੰਵਾਉਂਦੇ ਹਾਂ ਜਿਉਂਦੇ ਜੀਅ ਬੰਦੂਕਾਂ ਤੋਂ
ਅਮਨ ਦੀ ਗੱਲ ਵਿਸਰ ਗਈ ਸੀ ਸਮੇਂ ਦੇ ਹੁਕਮਰਾਨਾਂ ਨੂੰ।

ਉਗਾਉਂਦੇ ਨੇ ਫਸਲ ਬਹੁਤੀ, ਸਮੇਂ ਦੀ ਲੋੜ ਦੀ ਖਾਤਿਰ,
ਕਦੇ ਧੇਲਾ ਨਹੀਂ ਬਚਦਾ ਵਤਨ ਦੇ ਬਾਗਬਾਨਾਂ ਨੂੰ।

ਸ਼ਹੀਦੀ ਪਾ ਵਤਨ ਖਾਤਿਰ ਚਮਕਣਾ ਆਸਮਾਨਾਂ ਤੇ,
ਦਿਖਾ ਦੇਣਾ ਨਿਸ਼ਾਂ ਆਪਣਾ ਤੁਸੀਂ ਵੀ ਚੰਦ - ਭਾਨਾਂ ਨੂੰ।

ਉਹੀ ਧਰਤੀ, ਉਹੀ ਦੁਸ਼ਮਣ ਮਖੌਟੇ ਹੀ ਤਾਂ ਬਦਲੇ ਨੇ,
ਦਿਖਾ ਦਿੱਤਾ ਉਹੀ ਵੇਲਾ ਅਸਾਂ ਨੂੰ ਲਹੂ - ਲੁਹਾਨਾਂ ਨੂੰ।

ਅਸੀਂ ਜੰਗਜੂ, ਅਸੀਂ ਨੈਤਿਕ, ਅਸੀਂ ਮਰਜੀਵੜੇ ਸੈਂਤਕ,
ਕਿ 'ਅਮਨਦੀਪ' ਨਾ ਭੁਲਿਓ ਤਵਾਰੀਖ਼ੀ ਸ਼ਾਨੋਸ਼ਾਨਾਂ ਨੂੰ।

✪

ਰੁੱਖਾਂ ਨੂੰ ਕਿਉਂ ਕੱਟਦਾ ਏਂ ?
ਇਹਦੇ ਵਿੱਚ ਕੀ ਖੱਟਦਾ ਏਂ।

ਰੁੱਖ ਵੀ ਤੇਰੇ ਵਰਗੇ ਨੇ,
ਵੈਰ ਕੱਢੇਂ ਕਿਉਂ ਵੱਟ ਦਾ ਏਂ।

ਇਹ ਵੀ ਤਾਂ ਕੁਝ ਦਿੰਦੇ ਨੇ,
ਮੈਂ - ਮੈਂ ਨੂੰ ਕਿਉਂ ਰੱਟਦਾ ਏਂ।

ਰੁੱਖ ਹੀ ਤੇਰਾ ਜੀਵਨ ਨੇ,
ਮਹਿਮਾਨ ਤੂੰ ਬਿੰਦ - ਝੱਟ ਦਾ ਏਂ।

ਜਿੰਨਾਂ ਰੁੱਖਾਂ ਨੂੰ ਕੱਟੇਂ,
ਉਤਨਾ ਹੀ ਤੂੰ ਘੱਟਦਾ ਏਂ।

ਰੁੱਖਾਂ ਨਾਲ ਜ਼ਿਰਾਂਦਾਂ ਨੇ,
ਆਦਤ ਤੋਂ ਨਾ ਹੱਟਦਾ ਏਂ।

ਖਾਣ ਸੁੱਖਾਂ ਦੀ ਰੁੱਖ ਹੁੰਦੇ,
ਸਿੱਲ ਅਲੂਣੀ ਚੱਟਦਾ ਏਂ।

ਜੇ ਨਹੀਂ ਹੁੰਦਾ ਚੰਗਾ ਕੰਮ,
ਮੰਦੇ ਤੇ ਕਿਉਂ ਡੱਟਦਾ ਏਂ।

ਹੱਥ ਵਿੱਚ ਫੜਿਆ ਕਰਮੰਡਲ,
'ਅਮਨ' ਪੁੱਛੇਂ, ਮੁੱਲ ਮੱਟ ਦਾ ਏਂ।

✪

ਮਾਨਵਾ ਆਉਧ ਨੂੰ ਕਿਉਂ ਬੁਲਾ ਹੈਂ ਰਿਹਾ।
ਬੁਲਬੁਲਾ ਗਰਬ ਦਾ ਕਿਉਂ ਫੁਲਾ ਹੈਂ ਰਿਹਾ।

ਤੂੰ ਵਧਾ ਹੈਂ ਰਿਹਾ ਫਾਸਲੇ ਕਿਉਂ ਭਲਾ,
ਜਿਉਣ ਦੇ ਤਰਕ ਨੂੰ ਕਿਉਂ ਡੁਲਾ ਹੈਂ ਰਿਹਾ।

ਦੂਸ਼ਿਤਾ ਕਿਉਂ ਕਰੇਂ ਵਸ਼ਰ ਤੂੰ ਆਪਣਾ,
ਕਹਿਰ ਤੂਫਾਨ ਦਾ ਕਿਉਂ ਝੁਲਾ ਹੈਂ ਰਿਹਾ।

ਧਰਤ ਦੇ ਨਾਸ਼ ਦੀ ਤੂੰ ਕਦੇ ਸੋਚ ਨਾ,
ਹੋਂਦ, ਬਾਰੂਦ ਸੰਗ ਤੂੰ ਤੁਲਾ ਹੈਂ ਰਿਹਾ।

ਜੀਓ ਜਿਉਣ ਦਿਉ ਦਾ ਅਸੂਲ ਪਾਲ ਤੂੰ,
ਨਫ਼ਰਤਾਂ, ਜ਼ਹਿਰ ਕਿਉਂ, ਤੂੰ ਘੁਲਾ ਹੈਂ ਰਿਹਾ।

ਜਗਤ – ਜਨਨੀ ਬਿਨਾਂ ਸੋਭਦਾ ਮਰਦ ਨਾ,
ਪੁਸ਼ਪ ਨੂੰ ਖਾਕ ਵਿੱਚ ਤੂੰ ਰੁਲਾ ਹੈਂ ਰਿਹਾ।

ਹਰ ਤਿਰੇ ਵਾਰ ਦਾ ਦੇ ਦਿਊਂ ਮੋੜ ਮੈਂ,
ਜਾਣਕੇ ਗਲਤ ਤੂੰ ਦੇ ਉੱਲਾ ਹੈਂ ਰਿਹਾ।

ਮੈਂ ਕਦੇ ਵੀ ਬੁਰਾ ਸੋਚਿਆ ਨਾ ਤਿਰਾ,
ਆਪ ਹੀ ਭੇਦ ਇਹ ਤੂੰ ਖੁਲ੍ਹਾ ਹੈਂ ਰਿਹਾ।

ਜੋ, ਮਨੁੱਖਤਾ ਲਈ ਮਿਟ ਗਏ ਕਾਫ਼ਿਲੇ,
'ਅਮਨ' ਕਿਉਂ ਜਿਹਨ 'ਚੋਂ ਭੁਲਾ ਹੈਂ ਰਿਹਾ।

✪

ਕਦੋਂ ਤਕ ਜਰਾਂਗੇ ਇਹ ਝੂਠੇ ਜਿਹੇ ਲਾਰੇ।
ਇਹ ਝੂਠੇ ਜਿਹੇ ਲਾਰੇ ਨਾ ਜਾਂਦੇ ਸਹਾਰੇ।

ਤੂੰ ਕਹਿੰਦਾ ਸੀ ਅੱਜ ਤੋਂ ਇਹ ਜ਼ਿੰਦਗੀ ਹੈ ਤੇਰੀ,
ਅਸਾਂ ਨੂੰ ਡੁਬੋ ਕੇ ਤੂੰ ਕਰ ਗਿਆ ਕਿਨਾਰੇ।

ਮੁਹੱਬਤ ਦੀ ਪੀਂਘਾ ਤੂੰ ਆਪੇ ਚੜ੍ਹਾ ਕੇ,
ਵਿਸਾਰੇ ਭਲਾ ਕਿਉਂ ਤੂੰ ਉਹੀਉ ਹੁਲਾਰੇ।

ਤਿਰੇ ਸੰਗ ਮਿਲ ਕੇ, ਅਸੀਂ ਤਾਂ ਸੀ ਜੇਤੂ,
ਤਿਰੇ ਬਾਝ ਜੇਤੂ, ਹਾਂ ਦੁਨੀਆਂ ਤੋਂ ਹਾਰੇ।

ਮੈਂ ਸੁਣਿਆ ਹੈ ਤੇਰਾ ਤਾਂ ਮਹਿਲਾਂ 'ਚ ਵਾਸਾ,
ਮੁਕੱਦਰ ਨੇ ਸਾਡਾ, ਇਹ ਕੱਚੇ ਜਿਹੇ ਢਾਰੇ।

ਨਿਗਾਹਾਂ ਦੀ ਰਹਿਮਤ ਹੈ ਤੈਨੂੰ ਨਿਆਮਤ,
ਦਿਲਾਸੇ ਨੇ ਸਾਡੇ ਇਹ ਹੰਝੂ ਜੋ ਖਾਰੇ।

ਜੋ ਬਾਤਾਂ ਸੀ ਪਾਉਂਦੇ, ਤੂੰ ਦਿਲ ਤੋਂ ਭੁਲਾਈਆਂ,
ਇਕੱਲੀ ਹੁਣ ਪਾਉਂਦੀ ਤੇ ਭਰਦੀ ਹੁੰਗਾਰੇ।

ਨਾ ਰਹੀਆਂ ਨੇ ਆਸਾਂ ਨਾ ਸਾਹਾਂ ਹੀ ਬਚੀਆਂ,
'ਅਮਨ' ਹੀ 'ਅਮਨ' ਹੁਣ ਇਹ ਜੀਭਾ ਉਚਾਰੇ।

✪

ਅੱਜ ਕੋਈ ਆ ਗਿਆ ਹੈ ਫੇਰ, ਘਰ ਗਰੀਬ ਦੇ।
ਰੱਬ ਵਾਗੂੰ ਬਹੁੜਿਐ ਮਹਿਬੂਬ, ਦਰ – ਗਰੀਬ ਦੇ।

ਮੁੱਦਤਾਂ ਤੋਂ ਅੱਜ ਫਿਰ, ਨੇ ਬਹਾਰਾਂ ਆ ਗਈਆਂ,
ਕਰਮ ਚੰਗੇ ਸਮਝ ਲਓ, ਐਪਰ ਗਰੀਬ ਦੇ।

ਬੈਠ ਜਾਹ ਤੂੰ ਹਾਲ ਦੱਸ ਖਾਂ ਆਪਣਾ ਤੂੰ ਮਹਿਰਮਾਂ,
ਧੰਨਵਾਦੀ ਕਿੰਞ ਹੋਵਾਂ ਮੀਤ – ਰਹਿਬਰ, ਗਰੀਬ ਦੇ।

ਮੈਂ ਤਾਂ ਚਾਹੁਨਾ ਬਹੁਤ ਚੰਗੀ ਗੱਲ ਹੋਵੇ ਦੋਸਤਾ,
ਰੋਜ਼ ਆਵੇਂ ਬਣ ਮਸੀਹਾ ਘਰ ਹਰ ਗਰੀਬ ਦੇ।

ਫੁੱਲ ਵਿਛਾਵਾਂ ਜਾ ਕਿ ਪਲਕਾਂ ਸਮਝ ਤੋਂ ਸਭ ਬਾਹਰ ਹੈ,
ਵਾਰ ਦੇਵਾਂ ਜਾਨ ਵਸ 'ਚ ਹੋਵੇ ਜੇਕਰ ਗਰੀਬ ਦੇ।

ਇਹ ਕਿਲੇ ਜੋ ਦੇਖਦਾ ਏਂ ਜਾਪਦੈ ਕੁਝ ਆਖਦੇ,
ਸਾਰੇ ਕੀਤੇ ਹੋਏ ਨੇ ਇਹ ਵੀ ਸਰ ਗਰੀਬ ਦੇ।

ਕੰਡੇ ਨੇ ਏਧਰ, ਤੇ ਕੰਡੇ ਨੇ ਉੱਧਰ,
ਕੀ ਪਤਾ ਕਿਸ ਖਿਲਾਰੇ ਨੇ, ਦੱਖਣ - ਉੱਤਰ ਗਰੀਬ ਦੇ।

ਸਾਰੀ ਦੁਨੀਆਂ ਘੁੰਮ ਆਇਆ ਪਰ ਕੁਝ ਨਹੀਂ ਲੱਭਿਆ,
ਪੱਲੇ ਗੁਰਬੁਤ ਫਿਰ ਵੀ 'ਅਮਨ' ਉਮਰ ਭਰ ਗਰੀਬ ਦੇ।

ਮਸਾਂ ਮਿਲੀ ਮੁਸਾਫਿਰਾ ਹੈ ਜਿੰਦਗੀ।
ਕਰੀਂ ਜਰੂਰ ਤੂੰ ਖੁਦਾ ਦੀ ਬੰਦਗੀ।

ਭੁਲਾ ਨਾ ਇਹ ਸਦਾ ਹੀ ਰਹਿਣ ਨੇਕੀਆਂ,
ਭੁਲਾ ਦੇ ਤੂੰ ਮਨੋਂ ਬਦੀ ਤੇ ਮੰਦਗੀ।

ਖੁਦਾ ਦੇ ਨਾਮ ਤੇ ਨਾ ਖਾ ਤੂੰ ਰੋਟੀਆਂ,
ਨਾ ਡੋਲ ਤੂੰ ਵਿਸਾਰ ਦੇ ਮਸੰਦਗੀ।

ਇਹ ਕੰਜਕਾਂ ਵੀ ਜੀਣਾ ਹੈ ਜਹਾਨ ‘ਤੇ,
ਨਾ ਮਾਰ ਧੀ ਨੂੰ ਛੱਡ ਦੇ ਦਰਿੰਦਗੀ।

ਅਨੰਤ ਵਹਿ ਰਿਹਾ ਹੈ ਕਰਮ ਰੱਬ ਦਾ,
ਤੂੰ ਤਿਆਗ ਦੇ ਨਸ਼ੇ ਦੀ ਇਹ ਮੁਛੰਦਗੀ।

ਇੱਤਰ ਫਲੇਲ ਲਾ ਕੇ ਦੇਹ ਨੂੰ ਸ਼ਿੰਗਾਰਦਾ,
ਵਿਸਾਰਕੇ ਤੂੰ ਕੁਦਰਤੀ ਸੁਗੰਧਗੀ।

ਧਿਆ ਇਲਾਹੀ ਜੋਤ ਨੂੰ ਤੂੰ ਸੱਜਣਾ,
‘ਅਮਨ’ ਖੁਦਾ ਨੂੰ ਪਾ ਕੇ ਛੂਹ ਬੁਲੰਦਗੀ।

✪

ਗਰੀਬਾਂ ਅਦੀਬਾਂ ਦੀ ਏਹੋ ਪੁਕਾਰ।
ਭਰੇ ਰਹਿਣ ਅੰਨ ਦੇ ਸਦਾ ਹੀ ਭੰਡਾਰ।

ਸੰਭਾਲੋ ਸਦਾਚਾਰ ਸਾਡੇ ਨਾ ਕੰਮ,
ਅਸਾਂ ਤੋਂ ਨਾ ਹੋਵੇ ਅਖੌਤੀ ਵਪਾਰ।

ਅਸੀਂ ਤਾਂ ਪਰੇਸ਼ਾਨ ਖੁਦ ਹੀ ਖੁਦੀ ਤੋਂ,
ਕਿ ਪਤਝੜ ਹਾਂ ਜਿਸ 'ਤੇ ਨਾ ਆਵੇ ਬਹਾਰ।

ਹੰਕਾਰੀ ਨੇ ਅੰਦਰੋਂ ਨੇ ਬਾਹਰ ਤੋਂ ਸੀਤ,
ਕਮਾਉਂਦੇ ਦੁਰਾਚਾਰ ਸਸ਼ਤਰ ਦੋ ਧਾਰ।

ਬੜੀ ਹੀ ਆਵਾਜ਼ਾਰ ਹੋ ਕੇ ਅਸਾਂ ਨੂੰ,
ਦਿਨੋ - ਦਿਨ ਗਰੀਬੀ ਦੀ ਮਿਲਦੀ ਵੱਗਾਰ।

ਇਹੋ ਤਾਂ ਬਣਾਉਂਦੇ ਨੇ ਕੱਚ ਦਾ ਸਮਾਨ,
ਇਹੋ ਤਾਂ ਸਜਾਉਂਦੇ ਨੇ ਲੁੱਟ ਦਾ ਬਜ਼ਾਰ।

ਕਰੋ ਰਹਿਮ ਕੁਝ ਤਾਂ, ਕਰੋ ਕਰਮ ਕੁਝ ਤਾਂ,
ਅਸਾਂ ਨੇ ਵੀ ਕਰਨਾ ਹੈ ਆਪਣਾ ਗੁਜ਼ਾਰ।

ਜੇ ਪਰਖੀ ਤੇ ਨਿਰਖੀ ਹੈ ਸਾਡੀ ਜ਼ਮੀਰ,
ਅਸੀਂ ਵੀ ਮਖੌਟਾ ਦਿਆਂਗੇ ਉਤਾਰ।

ਮਖੌਲਾਂ ਉਡਾਉਂਦੀ ਪਈ ਜ਼ਿੰਦਗੀ ਹੈ,
ਤੂੰ ਲਾਹ ਦੇ ਪਰ੍ਹਾਂ 'ਅਮਨ' ਸਿਰ ਤੋਂ ਇਹ ਭਾਰ।

✪

ਗਮਾਂ ਦੀਆਂ ਰਾਤਾਂ ਹੋਈਆਂ ਲੰਮੀਆਂ ਲੰਮੇਰੀਆਂ।
ਇੱਕ ਤੇਰੇ ਬਾਝੋਂ ਰਾਤਾਂ ਡੰਗਣ ਹਨੇਰੀਆਂ।

ਤੁਰ ਗਿਆ ਵਾਅਦਾ ਕਰ ਫੇਰ ਮੁੜ ਆਉਣ ਦਾ,
ਕੌਲ ਤੂੰ ਪੁਗਾ ਦੇ ਹੁਣ ਲਾਵੀਂ ਨਾ ਤੂੰ ਦੇਰੀਆਂ।

ਲੰਘ ਗਿਆ ਹਾੜ੍ਹ ਨਾਲੇ ਲੰਘ ਗਿਆ ਸਾਉਣ ਵੇ,
ਆਸ ਤੂੰ ਜਗਾ ਦੇ ਮੈਂ ਤਾਂ ਢਾਹੀਂ ਬੈਠੀ ਢੇਰੀਆਂ।

ਔਂਸੀਆਂ ਨੂੰ ਪਾਉਂਦੀ - ਪਾਉਂਦੀ ਉਂਗਲਾਂ ਨੇ ਥੱਕੀਆਂ,
ਹੱਸ ਕੇ ਸ਼ਰੀਕ ਗੱਲਾਂ ਕਰਦੇ ਨੇ ਤੇਰੀਆਂ।

ਮੁੜ ਆਏ ਪੰਛੀ ਜਿਹੜੇ ਗਏ ਸੀ ਸਵੇਰ ਦੇ,
ਹਰ ਸ਼ਾਮ ਤੱਕਾਂ ਨਾ ਤੂੰ ਪਾਈਆਂ ਕਦੇ ਫੇਰੀਆਂ।

ਪਲ ਨਾ ਵਿਸਾਰਾਂ ਸੁਹਣੇ ਸੱਜਣਾਂ ਦਾ ਸਾਥ ਮੈਂ,
ਰਹਿ ਗਈਆਂ ਰੀਝਾਂ ਸੱਭੇ ਦਿਲ ਵਿੱਚ ਮੇਰੀਆਂ।

ਕੱਲ੍ਹ ਜਿਹੜੇ ਆਖਦੇ ਸੀ ਨਿੱਤ ਰਹੇ ਹੱਸਦੀ,
ਅੱਜ ਉਹੀ ਪੁੱਛਦੇ ਨੇ ਬੁੱਲ੍ਹੀਆਂ ਕਿਉਂ 'ਟੇਰੀਆਂ।

ਦਿਲ ਉੱਤੋਂ ਲੱਥ ਜਾਣ ਹਿਜ਼ਰਾਂ ਦੇ ਦਾਗ ਵੇ ,
ਗੱਲਾਂ ਆ ਕੇ 'ਅਮਨ' ਜੇ ਕਰੇ ਤੂੰ ਘਨੇਰੀਆਂ।

✪

ਕਹਿਰਾਂ ਦੀ ਬਰਸਾਤ, ਹਨੇਰੀ ਰਾਤ, ਮੁਹੱਬਤ ਬੱਲੇ - ਬੱਲੇ।
ਮੁੱਕੀ ਨਾ ਮੁਲਾਕਾਤ, ਹੋਈ ਪਰਭਾਤ, ਮੁਹੱਬਤ ਬੱਲੇ - ਬੱਲੇ।

ਐ ਮੇਰੇ ਮਹਿਬੂਬ, ਬੜਾ ਤੂੰ ਖ਼ੂਬ, ਨਜ਼ਾਕਤ ਤੌਅਬਾ- ਤੌਅਬਾ,
ਮੈਨੂੰ ਆਬ-ਏ-ਹਯਾਤ, ਤਿਰੇ ਜਜ਼ਬਾਤ, ਮੁਹੱਬਤ ਬੱਲੇ - ਬੱਲੇ।

ਇਹ ਗੇਸੂ ਇਹ ਕੇਸ, ਲੁਭਾਉਣਾ ਵੇਸ, ਜਵਾਨੀ ਰੂਪ ਸਿਲੌਣਾ,
ਇਹ ਤੇਰਾ ਅਨੁਪਾਤ, ਸਮਾਨੁਪਾਤ, ਮੁਹੱਬਤ ਬੱਲੇ - ਬੱਲੇ।

ਐ ਮੇਰੀ ਜਿੰਦਜਾਨ, ਤੂੰ ਮਿਹਰਵਾਨ, ਅਨੀ ਕੋਹਿਕਾਫ਼ ਦੀਏ ਪਰੀਏ,
ਨਖ਼ਰਾ ਤੇ ਗੱਲਬਾਤ, ਗਈ ਦੇ ਮਾਤ, ਮੁਹੱਬਤ ਬੱਲੇ - ਬੱਲੇ।

ਜਾਨੀ ਦੇ ਅਠਖੇਲ, ਸਬੱਬੀਂ ਮੇਲ, ਖੜ੍ਹਾ ਰਹੁ ਮੇਰੇ ਸਾਂਹਵੇਂ,
ਮੇਰੀ ਕੀ ਔਕਾਤ, ਐ ਤੇਰੀ ਤਾਤ, ਮੁਹੱਬਤ ਬੱਲੇ - ਬੱਲੇ।

ਗੁਲਮਰਗ ਦਾ ਬਾਗ, ਤੂੰ ਸੋਰਠ ਰਾਗ, ਨਿਰੀ ਤੂੰ ਕੇਸਰ - ਕਿਆਰੀ,
ਤੂੰ ਸੋਨੇ ਦੀ ਧਾਤ, ਨਿਰੀ ਕਰਾਮਾਤ, ਮੁਹੱਬਤ ਬੱਲੇ - ਬੱਲੇ।

ਪਰਵਾਨਾ ਤੇ ਲਾਟ, ਲੰਮੇਰੀ ਵਾਟ, ਕੁਦਰਤੋਂ ਹੋਇਆ ਸੀਗਾ,
ਮੈਂ ਤੇ ਤੂੰ ਦਿਨ-ਰਾਤ ਕਥਾ ਅਗਿਆਤ, ਮੁਹੱਬਤ ਬੱਲੇ - ਬੱਲੇ।

ਨਰਗਿਸ ਦਾ ਨਿੱਤ ਰੋਣ, ਬਹਾਰਾਂ ਮੋਨ, ਹਮੇਸ਼ਾ ਰੋਂਦੀ ਰਹਿੰਦੀ,
ਪੁੰਘਰਣ ਲੱਗੇ ਪਾਤ, ਫ਼ਿਜ਼ਾ ਦੀ ਦਾਤ, ਮੁਹੱਬਤ ਬੱਲੇ - ਬੱਲੇ।

ਬੈਠ ਜਾਉ ਮਹਾਰਾਜ, ਮਿਰੇ ਸਿਰਤਾਜ, 'ਅਮਨ' ਇਹ ਅਰਜ਼ ਗੁਜ਼ਾਰੇ,
ਸੁੱਤੀ ਹੈ ਕਾਇਨਾਤ, ਗ਼ਜ਼ਲ ਅਰਥਾਤ, ਮੁਹੱਬਤ ਬੱਲੇ - ਬੱਲੇ।

✪

ਮੈਂ ਵੀ ਕੈਸਾ 'ਕਰਾਰ ਕਰ ਬੈਠੀ।
ਪਿਆਰ ਵੀ ਬੇ-ਸ਼ੁਮਾਰ ਕਰ ਬੈਠੀ।

ਸ਼ਾਦ ਹਾਂ ਮੈਂ ਨੁਹਾਰ ਨੂੰ ਤੱਕ ਕੇ,
ਨੈਣ ਦੋ ਸਨ ਕਿ ਚਾਰ ਕਰ ਬੈਠੀ।

ਸਾਂਭ ਕੇ ਮੈਂ ਬੜਾ ਸੀ ਦਿਲ ਰੱਖਿਆ,
ਖ਼ੁਦ ਹੀ ਪਰ ਦਿਲ ਨਿਸਾਰ ਕਰ ਬੈਠੀ।

ਕਸਕ ਹੁਣ ਤਾਂ ਸਹਾਰ ਨਾਂ ਹੁੰਦੀ,
ਪਿਆਰ ਵਿੱਚ ਵੀ ਉਧਾਰ ਕਰ ਬੈਠੀ।

ਤੂੰ ਤਾਂ ਕਹਿੰਦਾ ਸੀ ਨਾ ਡਰੀ ਜੱਗ ਤੋਂ,
ਜਗਤ ਤੋਂ ਦਰ ਕਿਨਾਰ ਕਰ ਬੈਠੀ।

ਸੋਚਦੀ ਹਾਂ ਕਿ ਵਕਤ ਆਵੇਗਾ,
ਰੁਦਨ ਦੀ ਹੱਦ ਮੈਂ ਪਾਰ ਕਰ ਬੈਠੀ।

'ਅਮਨ' ਹੁਣ ਤੂੰ ਕਦੋਂ ਕੁ ਆਵੇਂਗਾ,
ਮੈਂ ਤਾਂ ਸੋਲ੍ਹਾਂ ਸ਼ਿੰਗਾਰ ਕਰ ਬੈਠੀ।

✪

ਤੇਰੇ ਸ਼ਹਿਰ ਵਾਲੀ ਪੌਣ ਬਦਲੀ ਹੈ ਲੱਗਦੀ।
ਪਹਿਲਾਂ ਵਾਂਗ ਪੁਰੇ ਵਾਲੀ ਪੌਣ ਨਹੀਂਉਂ ਵੱਗਦੀ।

ਕੀਤਾ ਸੀ ਮੈਂ ਵਾਅਦਾ, ਨਾ ਸ਼ਹਿਰ ਤੇਰੇ ਆਉਣ ਦਾ,
ਟੁੱਟਿਆ ਜੇ ਵਾਅਦਾ, ਗੱਲ ਹੋਈ ਹੈ ਸਬੱਬ ਦੀ।

ਪਾਲੇ- ਪੋਸ਼ੇ ਸਨ ਜਿਹੜੇ ਲਾਡਾਂ ਨਾਲ਼ ਲਾਡਲੇ,
ਰੱਖਦੇ ਨਾਂ ਲਾਜ਼ ਉਹੀਉ ਪੁੱਤ ਅੱਜ ਪੱਗ ਦੀ।

ਵਾੜ ਤੇਰੇ ਖੇਤ ਦੀ ਹੈ ਖਾਈ ਜਾਂਦੀ ਖੇਤ ਨੂੰ,
ਵੇਚੀਆਂ ਜ਼ਮੀਨਾਂ ਮੱਤ ਮਾਰੀ ਗਈ ਜੱਗ ਦੀ।

ਪਹਿਲਾਂ ਜਿਹੜੇ ਰਲਕੇ ਸੀ ਮਾਣਦੇ ਬਹਾਰ ਨੂੰ,
ਘੁੰਮਦੇ ਉਹ ਲਾਟ ਲੈ ਕੇ ਸੀਨੇ ਵਿੱਚ ਅੱਗ ਦੀ।

ਅੱਜ ਕੱਲ੍ਹ ਲੋਕਾਂ ਵਿੱਚ, ਜ਼ੋਰ ਅਫ਼ਵਾਹਾਂ ਦਾ,
ਤਰਾਹ ਤਰਾਹ ਹੁੰਦੀ ਅੱਜ, ਛੰਡੀ ਹੋਈ ਛੱਜ ਦੀ।

ਕੱਲ੍ਹ ਜਿਹੜੇ ਪਿੰਡ ਵਿੱਚ ਸ਼ਾਂਤੀ ਦਾ ਰਾਜ ਸੀ,
ਚੁੱਪ ਨੇ ਸਿਆਣੇ ਅੱਜ, ਤੂਤੀ ਬੋਲੇ ਠੱਗ ਦੀ।

ਦੋਖੀਆਂ ਦੀ ਗੱਲ ਨਿੱਤ - ਨਿੱਤ ਨਹੀਉਂ ਚੱਲਦੀ,
ਆਯੂ ਜਿਉਂ ਥੋੜੀ ਹੁੰਦੀ ਪਾਣੀ ਉੱਤੇ ਝੱਗ ਦੀ।

ਮੋੜਿਆ ਤੂੰ ਮੁੱਖ ਮਜ਼ਬੂਰ ਮੈਨੂੰ ਜਾਣ ਕੇ,
ਜਾਣਦਾ 'ਅਮਨ' ਗੱਲ ਤੇਰੀ ਰੱਗ ਰੱਗ ਦੀ।

✪

ਬਦਲ ਗਈਆਂ ਤਸਵੀਰਾਂ ਤੇਰੇ ਸ਼ਹਿਰ ਦੀਆਂ।
ਸਿਫ਼ਤਾਂ ਕਰਦਾ ਰਹਿੰਦਾ ਆਪਣੀ ਠਹਿਰ ਦੀਆਂ।

ਧਰਮ ਦੇ ਨਾਉਂ ਤੇ ਸਾਕਤ ਗੱਲਾਂ ਕਰਦੇ ਨੇ,
ਰੁੱਤਾਂ ਵੀ ਹੁਣ ਆਉਂਦੀਆਂ, ਆਉਂਦੀਆਂ ਕਹਿਰ ਦੀਆਂ।

ਵਿਪਤਾ ਵੇਲ਼ੇ ਜਿਹੜੇ ਦੁੱਖ ਵੰਡਾਉਂਦੇ ਸਨ,
ਨਾ ਰਹੀਆਂ ਹੁਣ ਸਾਂਝਾਂ ਗੱਲਾਂ ਗਹਿਰ ਦੀਆਂ।

ਗੱਲਾਂ ਦੇ ਵਿੱਚ ਨਹੀਂ ਕਿਸੇ ਨੂੰ ਆਉਣ ਦਿੰਦਾ,
ਭੁੱਲ ਗਿਆ ਅਣਜਾਣਾ ਸੈਰਾਂ ਨਹਿਰ ਦੀਆਂ।

ਸ਼ਹਿਰ ਤੇਰੇ ਦੀ ਠੁੱਕ ਵਿਗਾੜੀ ਮਿੱਲਾਂ ਨੇ,
ਰਾਤ ਦਿਨੇ ਇਹ ਵੰਡਣ, ਮੁੱਠੀਆਂ ਜ਼ਹਿਰ ਦੀਆਂ।

ਤੜਕੇ ਉੱਠ ਕੇ ਸ਼ਾਮੀਂ ਨੂੰ ਘਰ ਆਉਂਦੇ ਨੇ,
ਝੱਲਣ ਸਿਰੀਂ ਮੁਸ਼ੱਕਤਾਂ, ਅੱਠੋ- ਪਹਿਰ ਦੀਆਂ।

ਸ਼ਹਿਰ ਦੀ ਭੀੜ 'ਚ ਬੰਦਾ ਵੱਜਦਾ ਬੰਦੇ ਵਿੱਚ,
ਟੁੱਟੀਆਂ ਤੰਦਾਂ ਨੇ ਜ਼ਿੰਦਗੀ ਦੀ ਬਹਿਰ ਦੀਆਂ।

ਖੇਤਾਂ ਦੀ ਹਰਿਆਲੀ ਖਾ ਲਈ ਪੱਥਰਾਂ ਨੇ,
'ਦਾਤੇਵਾਸੀਆ' ਗੱਲਾਂ ਇਹ ਜ਼ਿੰਦਗੀ ਦੀ ਲਹਿਰ ਦੀਆਂ।

✪

ਬੋਲ ਬੋਲ ਹੁਣ ਲਾ ਨਾ ਦੇਰ।
ਚੁੱਪ ਕਰਕੇ ਨਾ ਅੱਥਰੂ ਕੇਰ।

ਸਿਰ ਤੋਂ ਲੰਘਿਆ ਪਾਣੀ, ਦੇਖ !
ਕੁੱਦ ਮੈਦਾਨ 'ਚ ਬਣਕੇ ਸ਼ੇਰ।

ਜਾਗ, ਜਾਗ ਤੂੰ ਜਾਗ, ਜਾਗ,
ਫੇਰ, ਫੇਰ ਤਾਂ ਫੇਰ, ਫੇਰ।

ਦੀਪ ਆਸ ਦਾ ਮਨ 'ਚ ਬਾਲ,
ਦੂਰ ਹੋ ਜਾਏਗਾ ਅੰਤ ਹਨੇਰ।

ਗਲਤ ਪਾਲ਼ਦੀ ਭਰਮ, ਰਾਤ,
ਜਾਏਗੀ ਹੋ ਅੰਤ ਸਵੇਰ।

ਨਾਗ ਜਾਣ ਨਾ ਮਾਰ ਡੰਗ,
ਭੰਨ ਸਿਰੀ ਤੂੰ ਵਾਂਗ ਸਪੇਰ।

ਜਦੋਂ ਤੀਕ ਹੈ ਵੰਡ 'ਚ ਕਾਣ,
ਰਹਿਣੀ ਤਦ ਤਕ ਤੇਰ -ਮੇਰ।

ਹੱਥ ਮੌਤ -ਮੂੰਹ ਕਠਿਨ ਪਾਉਣ,
ਕਰਨਾ ਪੈਂਦਾ ਵੱਡਾ ਜ਼ੋਰ।

ਸੰਭਲ - ਸੰਭਲ ਕੇ ਰੱਖ ਪੈਰ,
ਚੁਗ ਲੈ 'ਅਮਨ' ਤੂੰ ਡੁੱਲ੍ਹੇ ਬੇਰ।

✪

ਭੀੜ ਪਈ ਤੋਂ ਦੇਵੇ ਧੋਖਾ।
ਉਹ ਬੰਦਾ ਨਹੀਂ ਹੁੰਦਾ ਚੰਗਾ।

ਮਤਲਬ ਖ਼ਾਤਿਰ ਕਰੇ ਖ਼ੁਸ਼ਾਮਦ,
ਉਹ ਬੰਦਾ ਨਹੀਂ ਹੁੰਦਾ ਸੱਚਾ।

ਗ਼ੈਰ ਜੇ ਮਾਰਨ, ਮਾਰਨ ਪੱਥਰ,
ਅਦਲੀ ਨੇ ਜੋ ਦਿੱਤਾ ਫ਼ਤਵਾ।

ਮਿੱਤਰ ਨਾ ਉਹ, ਜੋ ਫੁੱਲ ਮਾਰੇ,
ਦੋਸ਼ੀ ਬਣਦਾ ਆਪ ਸ਼ਰਆ ਦਾ।

ਪਿੱਠ ਪਿੱਛੇ ਜੋ ਕਰਦਾ ਨਿੰਦਿਆ,
ਆਪੇ ਹੀ ਪੈ ਜਾਂਦਾ ਹਲਕਾ।

ਲੈਣਦਾਰ ਤੋਂ ਰਹਿੰਦਾ ਹੀਣਾ,
ਦੇਣਾ ਹੁੰਦਾ ਜਿਸਨੇ ਕਰਜ਼ਾ।

ਮਾਲੀ ਬਾਝੋਂ ਫੁੱਲ ਨਾ ਖਿੜਦੇ,
ਛੇਤੀ ਜਾਂਦੇ ਨੇ ਉਹ ਮੁਰਝਾ।

ਲਾਈ ਲੱਗ ਕੰਨਾਂ ਦਾ ਕੱਚਾ,
ਉਸਤੇ ਲੱਗਦੀ ਜ਼ੇਰ- ਇ- ਦਫ਼ਾ।

ਭਾਂਡੇ ਭਰੇ ਨਾ ਮੂਲ ਛਲਕਦੇ,
'ਅਮਨ' ਖੜਕਦਾ ਦਾਣਾ ਥੋਥਾ।

✪

ਸੁੱਖ ਦੇ ਨਾਲ ਜੁੜੇ ਨੇ ਦੁੱਖ ਵੀ, ਦੁੱਖ ਦੇਖ ਘਬਰਾਈਂ ਨਾ।
ਹੱਕ ਹਲਾਲ ਦੀ ਖਾ ਤੂੰ ਰੋਟੀ, ਹੱਕ ਪਰਾਇਆ ਖਾਈਂ ਨਾ।

ਆਪਣੇ ਲਈ ਤਾਂ ਸਭ ਜਿਉਂਦੇ ਨੇ, ਜਿਉਣ, ਜਿਉਣਾ ਦੂਜਿਆਂ ਲਈ,
ਭੁੱਲ ਕੇ ਵੀ ਤੂੰ ਗਰਬੁ ਕਰੀਂ ਨਾ, ਰੰਕਾਂ ਤੇ ਮੁਸਕਾਈਂ ਨਾ।

ਛਾਛ ਬਿਗਾਨੀ ਤੇ ਨਾ ਡੋਲੀਂ, ਐਵੇਂ ਚਰਚਾ ਬਣ ਜਾਂਦੀ,
ਹੱਥੀਂ ਬਾਲ ਕੇ ਸੇਕਣਾ ਚੰਗਾ, ਪਰ ਅਹਿਸਾਨ ਕਰਾਈਂ ਨਾ।

ਆਸ ਬਿਗਾਨੀ ਛੱਡ ਦੇ, ਹੱਥੀਂ ਖਾ ਤੂੰ ਜੇਕਰ ਹੈ ਖਾਣੀ,
ਆਪ ਨਹਾਉਂਦੀ ਬਣੇ ਨਾ ਗੋਲੀ, ਕੰਮ ਕਰਦੀ ਸ਼ਰਮਾਈਂ ਨਾ।

ਮਾਪਿਆਂ ਦਾ ਜੋ ਕਰਜ਼ ਉਤਾਰੇ, ਮੈਂ ਕੋਈ ਐਸਾ ਦੇਖਿਆ ਨਾ,
ਹੁਸਨ, ਜਵਾਨੀ, ਮਾਪੇ ਲੱਭਣ, ਵਿੱਚ ਬਜ਼ਾਰੇ ਜਾਈਂ ਨਾ।

ਜਾਗ ਪਈ ਹੈ ਜਣਨੀ ਐਪਰ, ਰਹੀ ਨਾ ਪੈਰ ਦੀ ਜੁੱਤੀ ਹੁਣ,
ਜਿੰਨੀ ਉੱਚੀ, ਉੱਡੇ ਉੱਡਣ ਦੇ, ਰੋੜੇ ਤੂੰ ਅਟਕਾਈਂ ਨਾ।

ਤੇਰੀ ਮਿਹਨਤ ਦੇਖ ਸਫਲਤਾ, ਚੁੰਮੇ ਤੇਰੇ ਪੈਰਾਂ ਨੂੰ,
ਦੇਖ ਸਫਲਤਾ ਆਪਣੀ ਐਵੇਂ, ਹੋਛੇਪਣ ਵਿੱਚ ਆਈਂ ਨਾ।

ਜਿਹੜੇ ਆਪਣਾ ਆਪ ਗੰਵਾਉਂਦੇ, ਠੀਕ ਟਿਕਾਣੇ ਪੁੱਜ ਜਾਂਦੇ,
ਮੰਜ਼ਿਲ ਦੇਖ ਕੇ ਨੇੜੇ ਐਪਰ ਆਪਣੇ ਹੋਸ਼ ਗੰਵਾਈ ਨਾ।

ਜਿੰਨ੍ਹਾਂ ਨੇ ਹੈ 'ਅਮਨ' ਜਿਉਣਾ, ਮਰਨੋਂ ਮੂਲ ਨਾ ਡਰਦੇ ਉਹ,
ਮਰਜਿਉੜੇ ਹਥਿਆਰ ਬਣਾਉਂਦੇ, ਲੋਚਾਂ-ਸੋਚਾਂ ਤਾਈਂ ਨਾ।

ਤੱਤੀਏ ਤਨਹਾਈਏ, ਸਾਨੂੰ ਸੂਲਾਂ ਦੀ ਸੇਜ ਵਿਛਾ ਕੇ।
ਆਪੂ ਘਰੀਂ ਤੁਰ ਗਈਓਂ, ਸਾਨੂੰ ਵਕਤਾਂ ਦੇ ਵਿੱਚ ਪਾ ਕੇ।

ਅਸੀਂ ਰੁੱਖ ਬਾਂਸਾਂ ਦੇ, ਨਾ ਚੰਦਨ ਸੁਗੰਧੀ ਪੋਂਹਦੀ,
ਤੇਰਾ ਨੀ ਗੁਆਂਢ ਖੱਟ ਦੇ ਬਹਿ ਗਏ ਆਪਣਾ ਹੀ ਆਪ ਗਵਾ ਕੇ।

ਪੌਣੋਂ ਨੀ ਦੱਖਣ ਦੀਓ ਤੁਸੀਂ ਸਾਰ ਕੀ ਪੱਛਮ ਦੀ ਜਾਣੋਂ,
ਜੇ ਤੁਸੀਂ ਦਿਲੋਂ ਸੱਚੀਆਂ ਕਦੇ ਵਰ੍ਹੋਂ ਖਾਂ ਸਾਉਣ ਵਿੱਚ ਆ ਕੇ।

ਰੁੱਤ ਆਈ ਪੱਤਝੜ ਦੀ, ਪੱਤੇ ਡਿੱਗ ਕੇ ਜ਼ਿਮੀ ਤੇ ਮੋਏ,
ਤਿੱਤਲੀਆਂ ਰੁੱਸ ਗਈਆਂ, ਭੌਰ ਮਰ ਗਏ ਬ੍ਰਿਹਾ ਦੀ ਵਿਹੁ ਖਾ ਕੇ।

ਇੱਕ ਘੁੱਟ ਪਾਣੀ ਦਾ ਜੇ ਡੱਡਾਂ ਨੂੰ ਨਸੀਬ ਨਾ ਹੋਇਆ,
ਰੱਬਾ ਤੈਨੂੰ ਕੀ ਮਿਲਿਆ ਐਵੇਂ ਛੱਪੜਾਂ ਦਾ ਨੀਰ ਸੁਕਾ ਕੇ।

ਮਸਾਂ ਮਸਾਂ ਗ਼ਜ਼ਲ ਲਿਖੀ ਨਾ ਮਿਲਿਆ ਸਰੋਤਾ ਕੋਈ,
ਖੁਦਕੁਸ਼ੀ ਸ਼ਾਇਰ ਨੇ ਕੀਤੀ ਗਲ ਵਿੱਚ ਫਾਹੀ ਪਾ ਕੇ।

ਕਿਸੇ ਕੋਲੋਂ ਕੀ ਮੰਗਣਾ ਕਿਸੇ ਕੋਲ ਵੀ ਦੇਣ ਨੂੰ ਹੈ ਕੀ,
ਆਪੇ ਅਸੀਂ ਸੇਕਾਂਗੇ ਹੱਥੀਂ ਆਪਣੇ ਹੀ ਧੂਣ ਧੁਖਾ ਕੇ।

ਚਾਹੇ ਮੈਨੂੰ ਸ਼ਾਇਰ ਕਹੋ, ਚਾਹੇ ਮੈਨੂੰ ਕਹੋ ਬਉਰਾਨਾ,
ਇੱਕ ਦਿਨ ਰਹਾਂਗੇ ਅਸੀਂ ਅਖ਼ਬਾਰੀਂ ਗਜ਼ਲ ਛਪਾ ਕੇ।

ਹੱਥਾਂ ਦੀਆਂ ਰੇਖਾਂ ਦਾ ਸਾਨੂੰ 'ਅਮਨ' ਰੇਜ਼ ਨਾ ਕੋਈ,
ਖੇੜਿਆਂ 'ਚੋਂ ਹੀਰ ਲੱਭਣੀ ਯੋਗੀ ਬਣਕੇ ਤੇ ਬੀਨ ਵਜਾ ਕੇ।

✪

ਅਸੀਂ ਤਾਂ ਜਿੰਦਗੀ ਹਰ ਪਲ, ਸਦਾ ਹੱਸਕੇ ਗੁਜ਼ਾਰੀ ਹੈ।
ਮੁਸੀਬਤ ਜਦ ਕਦੇ ਆਈ, ਅਸੀਂ ਤਨ ਤੇ ਸਹਾਰੀ ਹੈ।

ਅਜਾਈਂ ਕਿਉਂ ਭਲਾ ਜਾਵੇ, ਮਿਲੀ ਜਦ ਚਾਰ ਦਿਨ ਜ਼ਿੰਦਗੀ,
ਬਣੀ ਬੋਝਾ ਹੈ ਉਸ ਤਨ ਲਈ, ਮਨੋਂ ਜਿਸ ਨੇ ਨਕਾਰੀ ਹੈ।

ਕਿਤੇ ਸੋਕਾ ਕਿਤੇ ਡੋਬਾ ਕਿ ਦੋ ਰੰਗੀ ਹੈ ਇਹ ਦੁਨੀਆਂ,
ਕਿਤੇ ਰੋਂਦਾ ਹੈ ਦੁਖਿਆਰਾ, ਕਿਤੇ ਛਾਈ ਖ਼ੁਮਾਰੀ ਹੈ।

ਬਿਨਾਂ ਤੋਲੇ ਨਾ ਕੁਝ ਬੋਲੇ, ਸਿਆਣਾ ਹੈ ਉਹੀ ਬੰਦਾ,
ਕਦੇ ਵੀ ਜਿੱਤ ਨਹੀਂ ਸਕਦਾ, ਨਾ ਗੱਲ ਜਿਸਨੇ ਵਿਚਾਰੀ ਹੈ।

ਭਲਾ ਕਰਨਾ, ਭਲਾ ਮੰਗਣਾ, ਸਦਾ ਇਹ ਸੋਚ ਅਦਬਾਂ ਦੀ,
ਬਿਨਾਂ ਦਮੜੀ ਨਾ ਮੂੰਹ ਖੋਲ੍ਹੇ, ਦੁਨੀਂ ਲਈ ਉਹ ਪੁਜਾਰੀ ਹੈ।

ਮਜੀਠਾ ਰੰਗ ਨਹੀਂ ਚੜ੍ਹਦਾ, ਕਰੇ ਲੱਖ ਕੋਸ਼ਿਸਾਂ ਕੋਈ,
ਕਸੁੰਭੇ ਰੰਗ ਵਿੱਚ ਰੰਗੀ, ਜੇ ਚਾਦਰ ਨਾ ਉਤਾਰੀ ਹੈ।

ਛਿਣਾਂ ਵਿੱਚ ਤਿੜਕ ਜਾਂਦੇ ਨੇ, ਅਜੀ ਇਹ ਕੱਚ ਦੇ ਰਿਸ਼ਤੇ,
ਕਿ ਸੰਗਮਰ ਵਿੱਚ ਮਕਾਨਾਂ ਦੀ, ਕਰੀ ਭਾਵੇਂ ਉਸਾਰੀ ਹੈ।

ਬਣੇ ਚਾਂਦੀ ਦੇ ਸਿੱਕਿਆਂ ਲਈ, ਮਨੁੱਖ ਨੇ ਮਨੁੱਖ ਦੇ ਵੈਰੀ,
ਅਕਲ ਤੋਂ ਕੰਮ ਲੈਂਦਾ ਨਾ, ਮਨੁੱਖ ਲਬ ਦਾ ਵਗਾਰੀ ਹੈ।

ਮਨੋਂ ਕੱਢ ਦੇ ਬੁਰਾਈ ਨੂੰ, ਤੂੰ ਫੜ ਪੱਲਾ ਸੱਚਾਈ ਦਾ,
ਮਿਲੀ ਸੱਚਮੁੱਚ 'ਅਮਨ' ਇਹ, ਜਿੰਦਗੀ ਤੈਨੂੰ ਉਧਾਰੀ ਹੈ।

✪

ਤੇਰਾ ਦੀਦਾਰ ਸੱਜਣਾ ! ਸਾਗਰ ਖ਼ੁਮਾਰ ਦਾ।
ਲੈ ਕੇ ਸੁਨੇਹਾ ਆਈ ਹੈ ਹਵਾ ਬਹਾਰ ਦਾ।

ਮੌਸਮ ਬਦਲ ਗਿਆ ਹੈ ਮੌਸਮ ਖਾਮੋਸ਼ ਹੈ,
ਤੇਰੀ ਖੁਸ਼ੀ ਦੀ ਖ਼ਾਤਿਰ, ਵੱਢੀਆਂ ਉਤਾਰ ਦਾ।

ਦੁਸ਼ਮਣ ਕਿਉਂ ਬਣ ਗਿਆ ਹੈਂ, ਮੇਰਾ ਝਨਾਬ ਤੂੰ,
ਮੈਂ ਵਾਸਤਾ ਹਾਂ ਪਾਉਂਦੀ ਮੇਰੇ ਵੇ ਯਾਰ ਦਾ।

ਕੁਦਰਤ ਦੀ ਇਹ ਖੇਡ ਹੈ, ਕੁਦਰਤ ਨੂੰ ਵੇਖ ਤੂੰ,
ਬਣਿਆ ਸੁਮੇਲ ਮੁੱਢ ਤੋਂ ਫੁੱਲੜੇ ਤੇ ਖ਼ਾਰ ਦਾ।

ਡਾਢਾ ਗੰਭੀਰ ਮਸਲਾ, ਬਾਹਰ ਬਿਆਨ ਤੋਂ,
ਝੇੜਾ ਸਦਾ ਅਲਹਿਦਾ ਦਿਲ ਦੇ ਵਪਾਰ ਦਾ।

ਨੌਂ ਨਕਦ ਹੀ ਨੇ ਚੱਲਦੇ, ਇਸ਼ਕੇ ਦੀ ਰੀਤ ਵਿੱਚ,
ਦਿਲ ਨੂੰ ਵਟਾਉਣ ਖਾਤਿਰ, ਕੰਮ ਕੀ ਉਧਾਰ ਦਾ।

ਰਿਸ਼ਤੇ ਨਿਭਾਉਣੇ ਔਖੇ, ਸੌਖੇ ਨੇ ਕਹਿਣ ਨੂੰ,
ਵਿੱਚ ਮੋਤੀਆਂ ਦੀ ਮਾਲਾ ਬੰਧਣ ਪਿਆਰ ਦਾ।

ਆਦੀ ਮੈਂ ਬਣ ਗਿਆ ਹਾਂ, ਤੇਰੀ ਇੱਕ ਦੀਦ ਦਾ,
ਏਹ ਹੀ ਹੱਲ ਹੈ ਇੱਕੋ, ਮੈਂ ਤਲਬਗਾਰ ਦਾ।

ਮੈਂ ਨਹੀਂ ਵਿਸਾਰ ਸਕਦਾ, ਕਹਿ ਦੇ ਤੂੰ ਯਾਦ ਨੂੰ,
ਹਾਮੀ 'ਅਮਨ' ਨਾ ਮੈਂ, ਤੇਰੇ ਵਿਚਾਰ ਦਾ।

✪

ਮੁਹੱਬਤ ਦੀ ਫ਼ਿਜ਼ਾ ਨੂੰ ਤੂੰ, ਖ਼ਿਜ਼ਾ ਵਿੱਚ ਨਾ ਬਦਲ ਹਾਣੀ।
ਤੁਹਾਨੂੰ ਡੰਡ, ਪਊ ਭਰਨਾ, ਬਹਾਰੋ ਜੇ ਖ਼ਿਜ਼ਾ ਮਾਣੀ।

ਤੂੰ ਇਤਨਾ ਸੱਚ ਵੀ ਨਾ ਬੋਲੀਂ ਕਿ ਬਣ ਜਾਵੇ ਹਰਿੱਕ ਵੈਰੀ,
ਇਕੱਲਾ ਰਹਿ ਤੂੰ ਜਾਵੇਂਗਾ, ਜੇ ਦਿਲ ਦੀ ਗੱਲ ਨਾ ਜਾਣੀ।

ਸਮਾਂ ਮਿੱਤ ਨਾ ਕਿਸੇ ਦਾ ਵੀ, ਨਹੀਂ ਇਸ ਬਖ਼ਸ਼ਣਾ ਤੈਨੂੰ,
ਗਿਆ ਜੇ ਪਿਛੜ ਤੂੰ ਸਮਿਉਂ, ਪਵੇਗੀ ਮੂੰਹ ਦੀ ਖਾਣੀ।

ਗਲੋਂ ਤੂੰ ਲਾਹ ਦੇ ਹੁਣ ਫੰਦਾ, ਗੁਲਾਮੀ ਛੱਡ ਦੇ ਕਰਨੀ,
ਰਤਾ ਕਣ ਪੈ ਗਿਆ ਅੱਖੀਂ ਕਿ ਅੰਨ੍ਹੀ ਹੋ ਗਈ ਕਾਣੀ।

ਬਣੂੰਗਾ ਕੀ ਇਹ ਦੁਨੀਆਂ ਦਾ, ਖ਼ੁਦਾਈ ਦਾ ਖ਼ੁਦਾ ਜਾਣੇ,
ਤੂੰ ਤਾਂ ਇੱਕ ਤੰਦ ਨੂੰ ਝੂਰੇਂ, ਇਥਾਈਂ ਤਾਂ ਹੈ ਉਲਝ ਗਈ ਤਾਣੀ।

ਮਨੁੱਖੋ ! ਆਉ ਬਾਹਰ ਹੁਣ, ਇਨ੍ਹਾਂ ਦਾ ਟਾਕਰਾ ਕਰੀਏ,
ਬਜ਼ਾਰਾਂ ਵਿੱਚ ਦਣਾਉਂਦੀ ਫਿਰਦੀ ਢਾਣੀ ਆਦਮੀ - ਖਾਣੀ।

ਸਮੁੰਦਰ ਰਿੜਕਣਾ ਹੈ ਮੁੜ ਕੇ, ਇਹ ਦਿਉਆਂ ਤੇ ਦੇਵਾਂ ਨੇ,
ਜਾਊ ਇਤਿਹਾਸ ਦੁਹਰਾਇਆ, ਇਹ ਮੇਰੀ ਹੈ ਭਵਿੱਖਬਾਣੀ।

ਤਸੱਲੀਬਖ਼ਸ਼, ਭਟਕਣ ਦੀ ਦਵਾਈ ਨਾ ਮਿਲੀ ਕਿਧਰੇ,
ਹਕੀਕਤ ਹੈ, ਜ਼ਮੀਂ ਮੰਨੋ 'ਅਮਨ' ਮੈਂ ਬੋਧ ਦੀ ਛਾਣੀ।

✪

ਇਹ ਤਾਂ ਬਰਫ ਦੇ ਤੋਦੇ ਮੈਂ ਇਹਨਾਂ ਨੂੰ ਕਿੰਞ ਖਾਵਾਂ।
ਦਾਲ ਤੇ ਰੋਟੀ ਦੇ ਦੇਵੀ ਤੂੰ, ਜੇ ਤੇਰੇ ਘਰ ਆਵਾਂ।

ਮੈਂ ਉਹ ਯੋਗੀ ਉਹ ਸੰਨਿਆਸੀ, ਜੋਗ –ਜੁਗ਼ਤ ਤੋਂ ਊਣਾ,
ਜਾਂ ਉਹ ਚਿੱਠੀ ਜਿਸ ਤੇ ਲਿਖਿਆ, ਅਜ਼ਲਾਂ ਦਾ ਸਿਰਨਾਵਾਂ।

ਮਾਨਵ ਬਣਕੇ ਆਏ ਰਹਿਬਰ, ਲੋਕਾਂ ਨਾ ਪਹਿਚਾਣੇ,
ਤਾਂਹੀਉ ਦੁਨੀਆਂ ਤੋਂ ਮੈਂ ਡਰ ਕੇ, ਛੁਪਿਆ ਵਿੱਚ ਗੁਫਾਵਾਂ।

ਉਹੀਉ ਵਰਤੀ, ਕਰਤਾ ਦੀ ਜੋ, ਜੁੱਗ– ਜੁੱਗ ਆਗਿਆ ਹੋਈ,
ਧਰਮ ਗ੍ਰੰਥ ਸਭ ਭਰੇ ਪਏ ਨੇ, ਇਹਨਾਂ ਨਾਲ ਕਥਾਵਾਂ।

ਜੰਗਲ ਵਿੱਚੋਂ ਲੱਕੜੀਆਂ ਚੁਗ, ਵੇਚ ਦਿੰਦਾ ਹਾਂ ਆ ਕੇ,
ਫਿਰ ਵੀ ਭੁੱਖਣ- ਭਾਣੇ ਨਿੱਤ ਹੀ, ਲੰਮੀ ਰਾਤ ਬਿਤਾਵਾਂ।

ਇੱਕ ਦਿਨ ਮੇਰੇ ਕੋਲ਼ੇ ਆਏ, ਹੋਰ ਗ੍ਰਹਿ ਦੇ ਵਾਸੀ,
ਉਸ ਦਿਨ ਸਮਝਿਆ ਧਰਤੀ ਵਾਂਗੂੰ, ਹੋਰ ਵੀ ਨੇ ਸੱਭਯਤਾਵਾਂ।

ਕਹਿ ਦੇ ਜੋ ਵੀ ਕਹਿਣਾ ਹੈ ਤੂੰ, ਐ ਮੇਰੇ ਹਮਰਾਹੀ,
ਤੇਰੀ ਵਿੱਥਿਆ ਸੁਣਕੇ ਮੈਂ ਵੀ, ਹੋ ਸੁਰਖ਼ੁਰੂ ਜਾਵਾਂ।

ਇਹ ਕੀ ਸ਼ੈਅ ਹੈ ਪਸ਼ੂ ਜਾਂ ਪੰਛੀ, ਜਾ ਕੋਈ ਬਲਾ ਛਲੇਡਾ,
ਕਿਸੇ ਨੇ ਦੱਸਿਆ ਇਹ ਤਾਂ ਮਾਨਵ, ਨਿਉਂ- ਨਿਉਂ ਸੀਸ ਝੁਕਾਵਾਂ।

ਉੱਠ 'ਅਮਨ' ਤੂੰ ਉੱਠ ਚੱਲ ਇੱਥੋਂ, ਕਿਉਂ ਦੁਵਿਧਾ ਨੂੰ ਫੜਿਆ,
ਖਾ ਜਾਣੀ ਹੈ ਦੇਹੀ ਤੇਰੀ, ਨਹੀਂ ਤਾਂ ਕੁੱਤਿਆਂ - ਕਾਵਾਂ।

✪

ਆ ਰਤਾ ਬੈਠੀਏ ਦੋਸਤਾ ਮੇਰਿਆ।
ਦੁੱਖ - ਰਤਾ ਫੋਲ਼ੀਏ ਦੋਸਤਾ ਮੇਰਿਆ।

ਕੁੱਛ ਕਹੋ ਕੁੱਛ ਸੁਣੋ ਬੱਸ ਇਹੋ ਹੈ ਸਕੂਨ,
ਸ਼ਾਤੀ ਲੱਭੀਏ ਦੋਸਤਾ ਮੇਰਿਆ।

ਤੂੰ ਹੀ ਤਾਂ ਮੀਤ ਹੈਂ ਇੱਕ ਮਿਰਾ ਜਗਤ ‘ਤੇ,
ਸੱਚ ਨੂੰ ਜਾਣੀਏ ਦੋਸਤਾ ਮੇਰਿਆ।

ਤੋੜ ਕੇ, ਭੰਨ ਕੇ, ਲਗ- ਅੱਖਰ ਜੋੜ ਕੇ,
ਸ਼ੁੱਧ ਗਜ਼ਲ ਆਖੀਏ ਦੋਸਤਾ ਮੇਰਿਆ।

ਕੀ ਕਿਹਾ ਪੀਰ ਨੇ, ਸਾਧ ਨੇ ਕੀ ਕਿਹਾ,
ਫਲਸਫ਼ਾ ਸਮਝੀਏ ਦੋਸਤਾ ਮੇਰਿਆ।

ਹੀਰ ਸੀ ਨਾ ਹੀ ਧੀਦੋ ਖ਼ੁਦਾ ਰੂਪ ਸਨ,
ਪਰਖਣਾਂ ਲੋੜੀਏ ਦੋਸਤਾ ਮੇਰਿਆ।

ਮੈਂ ਹੀ ਇਸ ਫ਼ਿਲਮ ਦੀ ਹੈ ਲਿਖੀ ਪਟਕਥਾ,
ਦੇਖੀਏ ਹਾਦਸੇ ਦੋਸਤਾ ਮੇਰਿਆ।

ਕੌਣ ਹੈ, ਜੋ ਵਜਾਉਂਦਾ ਹੈ ਗਿਟਾਰ,
ਸੰਗ ਧੁਨ ਨੱਚੀਏ ਦੋਸਤਾ ਮੇਰਿਆ।

ਇਹ ਗਜ਼ਲ ਹੈ ਜਾਂ ਕਿ ਮਰਸ਼ੀਆ ਹੈ 'ਅਮਨ'?
ਪ੍ਰਸ਼ਨ ਤੋਂ ਪੁੱਛੀਏ ਦੋਸਤਾ ਮੇਰਿਆ।

✪

ਕਿਉਂ ਤੂੰ ਪਰਖ ਤੋਂ ਡਰ ਗਿਆ, ਵੀਰ ਮੇਰੇ।
ਵਕਤ ਤੇਰੀ ਇਹ ਪਰਖ ਦਾ, ਵੀਰ ਮੇਰੇ।

ਫੰਬਾ ਅੱਕ ਦਾ ਪੌਣ ਵਿੱਚ ਉੱਡ ਜਾਂਦਾ,
ਜਿੰਦ ਪਾਣੀ ਦਾ ਬੁਲਬੁਲਾ, ਵੀਰ ਮੇਰੇ।

ਪਿਆਰ ਪਾਲ਼ ਤੂੰ ਦੇਸ ਦਾ ਜ਼ਿਹਨ ਅੰਦਰ,
ਦਰਦ ਦੇਸ਼ ਲਈ ਹੈ ਖ਼ਰਾ, ਵੀਰ ਮੇਰੇ।

ਸੈਲ ਪੱਥਰਾਂ ਵਿੱਚ ਵੀ ਜੀਵ ਪਲ਼ਦੇ,
ਧੰਨ ਕੁਦਰਤੀ ਸਿਰਜਣਾ, ਵੀਰ ਮੇਰੇ।

ਵਗਲ ਵਿੱਚ ਛੁਰੀ, ਦੇਖੋ ਤਾਂ ਸ਼ਕਲ ਭੋਲ਼ੀ,
ਤੈਨੂੰ ਰੱਬ ਦਾ ਵਾਸਤਾ, ਵੀਰ ਮੇਰੇ।

ਦਾਤ ਇਸ਼ਕ ਦੀ ਵਿਰਲਿਆਂ ਨੂੰ ਮਿਲਦੀ,
ਬਹੁਤੀ ਤੜਫਣਾ, ਬ੍ਰਿਹੜਾ, ਵੀਰ ਮੇਰੇ।

ਸੁਪਨ ਆਉਣਗੇ, ਕੀ ਹੈ ਸੁਪਨਿਆਂ ਦਾ,
ਛੱਡ ਸੁਪਨਿਆਂ ਦੀ ਵਿੱਥਾ, ਵੀਰ ਮੇਰੇ।

ਇੱਕ ਵਾਰ ਮੈਂ ਦੀਦ ਦੀ ਦੀਦ ਪਾਵਾਂ,
ਏ 'ਅਮਨ' ਦੀ ਇਲਤਜ਼ਾ, ਵੀਰ ਮੇਰੇ।

ਧੀ ਮਾਰਨ ਤੋਂ ਤੂੰ ਡਰ ਸੱਜਣਾ।
ਤੂੰ ਕੰਮ ਅਕਲ ਦਾ ਕਰ ਸੱਜਣਾ।

ਕੁੱਖ ਵਿੱਚ ਮਾਰ ਮੁਕਾਈ ਜਾਵੇਂ,
ਇਹ ਵੀ ਚਾਹੁੰਦੀ ਏ ਦਰ ਸੱਜਣਾ।

ਪੁੱਤਰ ਜੰਮੇ ਖੁਸ਼ ਹੋ ਜਾਵੇਂ,
ਧੀ ਵੇਲੇ ਜਾਵੇਂ ਮਰ ਸੱਜਣਾ।

ਧੀ ਵੀ ਤਾਂ ਹੈ ਦਾਤ ਖੁਦਾ ਦੀ,
ਝੋਲੀ ਤੂੰ ਆਪਣੀ ਭਰ ਸੱਜਣਾ।

ਚੇਤੇ ਰੱਖ ਝਾਂਸੀ ਦੀ ਰਾਣੀ,
ਮਰਦਾਨੀ ਸੀ ਉਹ 'ਨਰ' ਸੱਜਣਾ।

ਇਹ ਹੱਸਦੀ ਤਾਂ ਖੇੜੇ ਹੱਸਦੇ,
ਧੀਆਂ ਬਿਨ ਸੁੰਨਾ ਘਰ ਸੱਜਣਾ।

ਲਾਹਣਤ ਤੇਰੀ ਮਰਦਾਨਗੀ ਉੱਤੇ,
ਨੋਚਣ ਲਈ ਦੇਵੇਂ ਧਰ ਸੱਜਣਾ।

ਬਿਨ ਟਾਹਣੀ ਤੋਂ ਫੁੱਲ ਨਹੀਂ ਲੱਗਦੇ,
ਧੀ ਬਾਝ ਨਾ ਸਕਦਾ ਸਰ ਸੱਜਣਾ।

ਜੇਕਰ 'ਅਮਨ' ਤੂੰ ਵੰਸ਼ ਵਧਾਉਣਾ,
ਫਿਰ ਧੀ ਹੋਵੇ ਘਰ ਹਰ ਸੱਜਣਾ।

✪

ਕਰ ਗੱਲ ਸਮਾਜ ਸੁਧਾਰਾਂ ਦੀ।
ਨਾ ਪੈਸੇ ਨਾ ਉਪਹਾਰਾਂ ਦੀ।

ਕੋਈ ਜੰਮਦਾ ਹੀ ਕਰਜ਼ਾਈ ਹੈ,
ਕਿਤੇ ਚਾਂਦੀ ਹੈ ਪਰਿਵਾਰਾਂ ਦੀ।

ਇੱਕਨਾਂ ਨੂੰ ਰੋਟੀ ਦਾ ਸੰਸਾ,
ਇੱਕਨਾਂ ਨੂੰ ਚਿੰਤਾ ਕਾਰਾਂ ਦੀ।

ਹੱਥਕੰਡਾ ਬਣ ਨਾ ਰਾਠਾਂ ਦਾ,
ਤੂੰ ਪੋਲ ਖੋਲ ਗੁਨਹਗਾਰਾਂ ਦੀ।

ਨਾ ਸਦਾ ਬਸੰਤ - ਬਹਾਰ ਰਹੇ,
ਰੁੱਤ ਛੋਟੀ ਸਦ ਗੁਲਜ਼ਾਰਾਂ ਦੀ।

ਈਮਾਨ ਜਿੰਨ੍ਹਾਂ ਦਾ ਰੋਟੀ ਹੈ,
ਇਹ ਵਿੱਥਿਆ ਦੁਨੀਆਂਦਾਰਾਂ ਦੀ।

ਤੂੰ ਆਪਣੇ ਦਮ ਤੇ ਰਹਿ ਪੱਕਾ,
ਗੱਲ ਛੱਡ ਦੇ ਸੋਚ- ਵਿਚਾਰਾਂ ਦੀ।

ਸਭ ਘਪਲੇ, ਕੁੱਤੀ ਤੇ ਚੋਰ ਦੀਆਂ,
ਆਪੋ ਵਿੱਚ ਜੁੜੀਆਂ ਤਾਰਾਂ ਦੀ।

ਨਾਂ 'ਅਮਨ' ਕਦੇ ਪ੍ਵਾਹ ਕਰਦਾ,
ਬੇ-ਅਰਥ ਖੰਭਾਂ ਦੀਆਂ ਡਾਰਾਂ ਦੀ।

✪

ਰੁਖ਼ਸਤ ਹਾਂ, ਸੁਰਖ਼ੁਰੂ ਹਾਂ ਕੈਦ-ਇ-ਸਇਆਦ ਤੋਂ।
ਮੈਂ ਪੰਖਹੀਣ ਆਤੁਰ, ਜ਼ਿੰਦਗੀ ਨਾਸ਼ਾਦ ਤੋਂ।

ਮੈਂ ਉਹ ਸੰਗੀਤ ਹਾਂ ਜਾਂ ਐਸਾ ਵਿਵਾਦ ਹਾਂ,
ਮੈਨੂੰ ਜੌਹਰੀਆਂ ਨੇ ਨਿੰਦਿਆ ਹਰ ਯੁੱਗ - ਯੁਗਾਦ ਤੋਂ।

ਮੈਂ ਉਹ ਕਵੀ ਹਾਂ ਜਿਸ ਤੇ ਬੰਦਿਸ਼ ਕਲਾਮ ਦੀ,
ਮੇਰੇ ਖਿਆਲ ਉੱਠਦੇ ਨੇ ਵਿਸਮਾਦ ਤੋਂ।

ਕੰਡਿਆਂ ਨੇ ਪੈਰ ਖਾਧੇ ਹੱਥਾਂ ਤੇ ਜਖ਼ਮ ਨੇ,
ਮੈਂ ਤੰਗ ਆਇਆ ਐਸੀ ਲੋਕਾਂ ਦੀ ਦਾਦ ਤੋਂ।

ਮਨਸੂਰ ਵੀ ਨਹੀਂ ਹਾਂ, ਸੁਕਰਾਤ ਵੀ ਨਹੀਂ,
ਸਾਕਤ ਕਹੋ ਜਾਂ ਮੁਨਕਰ ਅਨਹਦ ਦੇ ਨਾਦ ਤੋਂ।

ਮੇਰੀ ਕਲਮ ਤਾਂ ਭੰਡੇ ਲੋਕਾਂ ਦੇ ਵਹਿਮ ਨੂੰ,
ਰਹਿੰਦਾ ਹਾਂ ਦੂਰ ਪਰ ਮੈਂ ਆਪਣੇ ਮੁਫ਼ਾਦ ਤੋਂ।

ਤਾਰੀਖ ਮੇਟ ਦੇਇਓ ਤੇ ਵਰਤਮਾਨ ਸਾਂਭੋ,
ਕੰਮ ਲਇਓ ਫਿਰ ਵੀ ਪਰ ਇਤਿਹਾਦ ਤੋਂ।

ਅੱਛਾ ! ਤਾਂ ਮੈਂ ਤਾਂ ਚੱਲਦਾਂ, ਖ਼ੁਸ਼ ਰਹੁ ਸੁਖੀ ਵਸੋ,
ਮੁਨਕਰ ਹਾਂ 'ਅਮਨ' ਮੈਂ ਤਾਂ, ਆਪਣੀ ਹੀ ਯਾਦ ਤੋਂ।

✪

ਤੂੰ ਮੇਰਾ ਮੈਂ ਤੇਰਾ ਸੱਜਣਾ।
ਮੈਂ ਤੇਰਾ ਤੂੰ ਮੇਰਾ ਸੱਜਣਾ।

ਖ਼ੁਸ਼ੀਆਂ ਦੇ ਨਾਲ ਸਫ਼ਰ ਮੁਕਾਈਏ,
ਦੁਨੀਆ ਰੈਣ ਬਸੇਰਾ ਸੱਜਣਾ।

ਆ ਕਿੱਧਰੇ ਦੋ ਗੱਲਾਂ ਕਰੀਏ,
ਭਟਕੇ ਅਸੀ ਬਥੇਰਾ ਸੱਜਣਾ।

ਦੀਵਾ ਜਗੇ ਤਾਂ ਚਾਨਣ ਹੋਵੇ,
ਹੁੰਦਾ ਦੂਰ ਹਨੇਰਾ ਸੱਜਣਾ।

ਹਿੰਮਤ ਦੇ ਵਿੱਚ ਸੰਪਤ ਸਾਰੀ,
ਕੋਈ ਨਾ ਕੰਮ ਔਖੇਰਾ ਸੱਜਣਾ।

ਆਓ ਆਪਣੀ ਸੋਚ ਬਦਲੀਏ,
ਖੁੱਲ੍ਹਾ ਕਰੀਏ ਘੇਰਾ ਸੱਜਣਾ।

ਦਿਲ ਨੂੰ ਦਿਲ ਨਾਲ ਰਾਹ ਹੁੰਦਾ ਏ,
ਹੁੰਦਾ ਕੰਮ ਪਕੇਰਾ ਸੱਜਣਾ।

ਪੂਰਬ ਦੀ ਇਹ ਲਾਲੀ ਦੱਸਦੀ,
ਹੋਣਾ ਹੁਣੇ ਸਵੇਰਾ ਸੱਜਣਾ।

ਗ਼ਮ ਦੀ ਵਸਤੀ ਵਿੱਚ ਨਹੀਂ ਰਹਿਣਾ,
'ਅਮਨ' ਦਾ ਜੰਨਤ ਡੇਰਾ ਸੱਜਣਾ।

✪

ਖ਼ਤਾ ਬਖ਼ਸ਼ ਮੇਰੀ, ਖ਼ਤਾ ਬਖ਼ਸ਼ ਮੇਰੀ।
ਤੇਰਾ ਸਾਂਤ ਜ਼ੇਰਾ, ਸਜਾ ਬਖ਼ਸ਼ ਮੇਰੀ।

ਤੂੰ ਹੀ ਦੁੱਖ ਹੈਂ ਮੇਰਾ, ਤੂੰ ਹੀ ਸੁੱਖ ਹੈਂ ਮੇਰਾ,
ਦਫ਼ਾ ਜੇ ਮੇਰੇ ਤੇ, ਦਫ਼ਾ ਬਖ਼ਸ਼ ਮੇਰੀ।

ਅਸਾਂ ਤੇਰੀ ਸੂਰਤ ਹੈ ਮਨ ਵਿੱਚ ਵਸਾਈ,
ਵਫ਼ਾ ਜੇ ਜਫ਼ਾ ਹੈ, ਜਫ਼ਾ ਬਖ਼ਸ਼ ਮੇਰੀ।

ਬੜੀ ਤਾਂਘ ਸਾਨੂੰ ਤੇਰੀ ਦੀਦ ਦੀ ਹੈ,
ਦਿਸ਼ਾ ਗਲਤ ਹੈ ਜੇ, ਦਿਸ਼ਾ ਬਖ਼ਸ਼ ਮੇਰੀ।

ਦਿਲੋਂ ਵਹਿਮ ਆਪਣਾ ਕਰੀਂ ਦੂਰ ਤੂੰ ਵੀ,
ਵਿਥਾ ਗਲਤ ਹੈ ਜੇ, ਵਿਥਾ ਬਖ਼ਸ਼ ਮੇਰੀ।

ਸ਼ੁਰੂ ਹਾਂ ਤੇਰੇ ਤੋਂ, ਤੇਰੇ ਤੇ ਖਤਮ ਹਾਂ,
ਰਜ਼ਾ ਮਨ ਦੀ ਏਹੋ, ਰਜ਼ਾ ਬਖ਼ਸ਼ ਮੇਰੀ।

ਕਹੋ ਸਿਤਮ ਤੇਰਾ, ਕਹੋ ਰਹਿਮ ਤੇਰਾ,
ਸੁਤਾ ਇਹ ਜੇ ਮੇਰੀ, ਸੁਤਾ ਬਖ਼ਸ਼ ਮੇਰੀ।

ਤੂੰ ਹੀ ਸੁਰਤ ਮੇਰੀ, ਤੂੰ ਹੀ ਬਿਰਤ ਮੇਰੀ,
ਜਗ੍ਹਾ ਗਲਤ ਹੈ ਜੇ, ਜਗ੍ਹਾ ਬਖ਼ਸ਼ ਮੇਰੀ।

ਇਹੋ ਰੀਝ ਮੇਰੀ, ਇਹੋ ਲੋਚ ਮੇਰੀ,
ਬਣੇ 'ਅਮਨ' ਤਾਂਡਵ, ਵਿਧਾ ਬਖ਼ਸ਼ ਮੇਰੀ।

✪

ਕਿਸੇ ਨੂੰ ਅਮੀਰੀ ਕਿਸੇ ਨੂੰ ਫ਼ਕੀਰੀ ਦਾ ਚੜ੍ਹਿਆ ਹੈ ਰੰਗ।
ਕਿਸੇ ਦੀਆਂ ਪੌਂਅ ਬਾਰਾਂ, ਨੇ ਵਾਰੇ ਨਿਆਰੇ, ਨਾਜਾਇਜ਼ ਕੋਈ ਤੰਗ।

ਉਸੇ ਦੀ ਹੈ ਰਹਿਮਤ, ਉਸੇ ਦੀ ਹੈ ਬਰਕਤ, ਦਿਆਲੂ ਬੜਾ,
ਕਿਸੇ ਦੀ ਹੈ ਉਲਝਣ, ਕਿਸੇ ਦੀ ਸਮੱਸਿਆ, ਕਿ ਸੁਰਤ ਰਹਿੰਦੀ ਭੰਗ।

ਕਿਸੇ ਨੂੰ ਹੈ ਮਿਲਦਾ, ਕਿਸੇ ਨੂੰ ਸਤਾ ਕੇ, ਬੜਾ ਹੀ ਹੈ ਚੈਨ,
ਕਿਸੇ ਦੇ ਵੰਡਾ ਕੇ, ਕਸ਼ਟ ਨੂੰ ਘਟਾਉਣਾ, ਕੋਈ ਸਮਝੇ ਕਿ ਚੰਗ।

ਕੋਈ ਰੋਹਬ ਝੱਲਦਾ, ਹੈ ਜਿੱਲ੍ਹਤ ਨੂੰ ਸਹਿੰਦਾ, ਕਰੇ ਦਿਨ ਕਟੀ,
ਕਿਸੇ ਨੂੰ ਹੈ ਖ਼ੁਦ ਦੀ, ਸਬੂਤੀ ਨੂੰ ਖਤਰਾ, ਦਿਲੇ ਦੀ ਉਮੰਗ।

ਸਦਾ ਜ਼ਹਿਰ ਤੇਰੇ, ਇਸ਼ਕ ਦਾ ਰਚੇਂ ਹੱਡੀਂ, ਮੈਂ ਜੀਵਾਂ ਕਿਵੇਂ,
ਨਹੀਂ ਮਰਜ਼ ਕੋਈ, ਅਸਾਂ ਨੂੰ ਐ ਸੱਜਣ, ਮਰਜ਼ ਸੂਹੀ ਵੰਗ।

ਕੋਈ ਭੀੜ ਭਾਲੇ, ਇਕੱਲ ਕੋਈ ਲੋਚੇ, ਪੁਆੜਾ ਜਿਹਾ,
ਕਿ ਜਿਉਣ ਦਾ ਹੈ ਆਪਣਾ, ਨਿਰਾਲਾ ਅਲੌਕਿਕ, ਕਿਸੇ ਦਾ ਇਹ ਢੰਗ।

ਨਹੀਂ ਹੱਲ ਕੋਈ ਜਾਂ ਸਿਰ ਤੇ ਹੈ ਪੈਂਦੀ, ਮੁਸੀਬਤ ਜਿਹੀ,
ਬੁਰਾ ਜੋ ਵੀ ਬੰਦਾ, ਅੜਾਉਣੀ ਹੈ ਚਾਹੁੰਦਾ, ਅੜੀ ਵਾਲੀ ਟੰਗ।

ਛੂਹੇ ਰਾਗ ਆਹਲਾ, ਕੋਈ ਸਿਦਕ ਵਾਲਾ, ਸੁਰੀਲਾ ਬੜਾ,
ਕੋਈ ਰੋਜ਼ ਰੋਵੇ, ਕੋਈ ਜੂਨ ਖੋਵੇ, ਹੈ ਮਾੜੀ ਕੁਸੰਗ।

ਖ਼ਿਜਾ ਨੂੰ ਫਿਜ਼ਾ ਆਖਕੇ, ਜੋ ਹੈ ਮੰਗਦਾ, ਬਹਾਰਾਂ ਪਿਆ,
'ਅਮਨ' ਭਰਦਾ ਹਾਵੇ, ਹਿਜ਼ਰ ਦਿਲ ਨੂੰ ਲਾ ਕੇ, ਟਪਾਉਂਦਾ ਹੈ ਡੰਗ।

✪

ਰੰਗ ਰੱਤਾ ਹੈ ਉਂਞ ਰੱਤ ਦਾ, ਅੱਜ ਵੀ ਰੱਤਾ ਜਾਣ।
ਪ੍ਰਾਣ ਨੇ ਹੈ ਤਾਂ ਰੱਤ ਹੈ, ਰੱਤ ਦੇ ਨਾਲ ਪ੍ਰਾਣ।

ਸੱਤ ਰੰਗ ਇੰਦਰ ਧਨੁਸ਼ ਦੇ ਪਾਣੀ ਦੀ ਬੂੰਦ ਦੇ ਵਿੱਚ,
ਹੁੰਦੀ ਰੱਤੇ ਨਾਲ ਹੀ ਬਾਕੀਆਂ ਦੀ ਪਹਿਚਾਣ।

ਪੱਥਰ ਯੁੱਗ ਅੱਜ ਵੀ ਕਾਇਮ ਹੈ ਗਈਆਂ ਸਦੀਆ ਬੀਤ,
ਫਿਰ ਵੀ ਚਿੱਟੇ ਲਹੂ ਦੇ ਮਿਲਦੇ ਅੱਜ ਲੱਖਾਂ ਪ੍ਰਮਾਣ।

ਖ਼ੂੰਖਾਰ ਹੋਇਆ ਕਿਉਂ ਆਦਮੀ, ਮੂੰਹ ਨੂੰ ਲਾਈ ਰੱਤ,
ਬੰਦਾ ਬੰਦੇ ਦੇ ਭਸਮ ਲਈ ਲਾਉਂਦਾ ਸਾਰਾ ਤਾਣ।

ਵੇਸ, ਭੇਸ ਨੇ ਵੱਖਰੇ ਚਿਹਨ, ਚੱਕਰ ਤੇ ਵਰਣ,
ਅੰਦਰਲੇ ਇਨਸਾਨ ਤੋਂ ਹੁੰਦੀ ਸਹੀ ਸਿਆਣ।

ਸੱਭਯਕ ਹੋਣਾ ਚਾਹੀਦਾ ਸੀ, ਅੱਜ ਦਾ ਇਹ ਮਨੁੱਖ,
ਅੱਜ ਵੀ ਇਹ ਅਸੱਭਯ ਹੈ, ਮੂਰਖਤਾ ਦੇ ਤਾਣ।

ਰੇਤਾ ਝਾਰੇਂ ਮੂਰਖਾ, ਲੱਭੇਂ ਅਬਰਕ ਪੱਤ,
ਹੇਠੋਂ ਲੱਭੂ ਖ਼ੂਨ ਹੀ, ਲੱਖ ਰੇਤੇ ਨੂੰ ਛਾਣ।

ਤੂੰ ਦੂਜੇ ਨੂੰ ਕਿਉਂ ਕੋਸਦਾ, ਅੰਦਰਲੇ ਨੂੰ ਕੋਸ,
ਦੂਜੇ ਵਿੱਚ ਕੱਢ ਕਾਣ ਨਾ ਕੱਢ ਤੂੰ ਆਪਣਾ ਕਾਣ।

ਕਦਰ ਕਰੇਂ ਜੇ ਖ਼ੂਨ ਦੀ, ਖ਼ੂਨ ਦੇ ਵਿੱਚ ਹੈ ਰੱਬ,
ਸਭ ਕੁੱਝ 'ਅਮਨ' ਹੈ ਖ਼ੂਨ ਹੀ, ਖ਼ੂਨ ਸੋਨੇ ਦੀ ਖਾਣ।

ਮੜਕ ਤੇਰੀ ਸਹਾਰ ਦੇਖਾਂਗੇ।
ਤੇਰੇ ਪਿੰਡ ਦੀ ਨੁਹਾਰ ਦੇਖਾਂਗੇ।

ਇਹ ਤਾਂ ਦੱਸ ਜਾ ਕਿਵੇਂ ਹੈ ਸਹਿਣਾ ਗ਼ਮ,
ਕਿੰਵ ਖ਼ਿਜ਼ਾ ਵਿੱਚ ਬਹਾਰ ਦੇਖਾਂਗੇ।

ਸ਼ੀਰੀਂ ! ਫਰਹਾਦ ਦਾ ਇਹ ਤੇਸਾ ਹੈ,
ਨਹਿਰ ਪੁੱਟ ਕੇ ਫੁਹਾਰ ਦੇਖਾਂਗੇ।

ਐ ਸ਼ਮਾ ਮੱਚ ਗਿਆ ਏ ਪਰਵਾਨਾ,
ਡੋਲੀ ਚੁੱਕਦੇ ਕਹਾਰ ਦੇਖਾਂਗੇ।

ਜ਼ਿੰਦਗੀ ਦਾ ਕੋਈ ਸਿਰਾ ਲੱਭੇ,
ਫੇਰ ਲਾ ਕੇ ਗੁਹਾਰ ਦੇਖਾਂਗੇ।

ਬੰਦ ਹੋ ਭੰਵਰ, ਫੁੱਲ ਵਿੱਚ ਮੋਇਆ,
ਲੋਭੀ ਫੁੱਲ ਦਾ, ਅਹਾਰ ਦੇਖਾਂਗੇ।

ਜ਼ਿੰਦਗੀ ਨਾ ਨਹੀਂ ਹੈ ਸ਼ੁਹਰਤ ਦਾ,
ਤੇਰੀ ਪੁੰਨਣਾ ਮੁਹਾਰ ਦੇਖਾਂਗੇ।

ਫੁੱਲ ਤਾਂ ਆਖਿਰ ਨੂੰ ਫੁੱਲ ਹੁੰਦੇ ਨੇ।
ਫੇਰ ਫੁੱਲ ਨੂੰ ਨਿਹਾਰ ਦੇਖਾਂਗੇ।

ਬਹੁਤ ਸੁਣਦੇ ਸਾਂ ਜਿਕਰ ਮਹਿਫ਼ਲ ਵਿੱਚ,
ਅੱਜ ਤਾਂ ‘ਅਮਨ’ ਤੇਰਾ ਵਿਹਾਰ ਦੇਖਾਂਗੇ।

ਕਿੰਨਾਂ ਵਹਿਣਾ ਵਿੱਚ ਵਹਾ ਦਿੱਤਾ ਮੈਨੂੰ।
ਕਿਹੜੇ ਵਕਤਾਂ ਵਿੱਚ ਪਾ ਦਿੱਤਾ ਮੈਨੂੰ।

ਮੈਂ ਪ੍ਰਤਿਭਾ ਨਹੀਂ, ਚਾਨਣ-ਮੁਨਾਰਾ ਨਹੀਂ,
ਵਿੱਚ ਚੁਰੱਸਤੇ ਕਿਉਂ ਟਿਕਾ ਦਿੱਤਾ ਮੈਨੂੰ।

ਮੈਂ ਜਜ਼ਬਿਆਂ ਦੀ ਜ਼ਿਲਦ ਮੜ੍ਹੀ ਕਿਤਾਬ ਨਹੀਂ,
ਆਤਮ- ਵਿਸ਼ਵਾਸ ਤੋਂ ਕਿਉਂ ਡੁਲਾ ਦਿੱਤਾ ਮੈਨੂੰ।

ਮੈਂ ਰੀੜ੍ਹ ਦੀ ਹੱਡੀ ਦਾ ਉਹ ਮਣਕਾ ਨਹੀਂ,
ਫਿਰ ਵੀ ਰੀੜ੍ਹ ਦੀ ਹੱਡੀ ਵਿੱਚ ਪਾ ਦਿੱਤਾ ਮੈਨੂੰ।

ਮੈਂ ਕੁਝ ਵੀ ਨਹੀਂ ਹਾਂ ਮੈਨੂੰ 'ਸਰਬਰਾਹ' ਨਾ ਕਹੋ,
ਇਹ ਫ਼ਖ਼ਰ ਦੀ ਕੁਰਸੀ ਤੇ ਕਿਉਂ ਬਿਠਾ ਦਿੱਤਾ ਮੈਨੂੰ।

ਮੈਂ ਦਾਲ ਵਿੱਚ ਇੱਕ ਕਾਲਾ ਕੋਰੜੂ ਹਾਂ,
ਐਵੇਂ ਮੁਰਲੀਧਰ ਕ੍ਰਿਸ਼ਨ ਸਜਾ ਦਿੱਤਾ ਮੈਨੂੰ।

ਮੈਨੂੰ ਨਹੀਂ ਸੀ ਪਤਾ ਕਿ ਲੋਕ ਕੀ ਚਾਹੁੰਦੇ ਨੇ,
ਇਹ ਲੋਕਾਂ ਨੇ ਹੀ ਚੱਕਰਾਂ ਵਿੱਚ ਪਾ ਦਿੱਤਾ ਮੈਨੂੰ।

ਮੈਂ ਤਾਂ ਇੱਕ ਸ਼ੀਸ਼ਾ ਹਾਂ ਵਿੱਚ ਆਪਣਾ ਮੂੰਹ ਦੇਖਦਾ ਹਾਂ,
ਐਵੇਂ ਰਾਈ ਨੂੰ ਖ਼ੁਦਾ ਬਣਾ ਦਿੱਤਾ ਮੈਨੂੰ।

ਇਨਸਾਫ ਕਰਨਗੀਆਂ ਆਉਣ ਵਾਲੀਆਂ ਨਸਲਾਂ,
ਐਵੇਂ 'ਅਮਨ', ਫਾਂਸੀ ਤੇ ਲਟਕਾ ਦਿੱਤਾ ਮੈਨੂੰ।

✪

ਇੱਕ ਦਿਨ ਲੰਘਣਾ ਹੀ ਲੰਘਣਾ ਬੇਲੀ, ਮੁਸ਼ਕਿਲ ਤੋਂ ਪਾਰ।
ਐਨੀ ਛੇਤੀ ਮੰਨ ਨਾ ਤੂੰ ਸੱਜਣਾ ਮੁਸ਼ਕਿਲ ਤੋਂ ਹਾਰ।

ਕਾਲ਼ੀ-ਬੋਲ਼ੀ ਹੈ ਥੋੜੇ ਚਿਰ ਲਈ ਰਹਿਣੀ ਇਹ ਰਾਤ,
ਆਖ਼ਿਰ ਸੂਰਜ ਨੇ ਆ ਲੈਣੀ ਖ਼ਲਕਤ ਦੀ ਸਾਰ।

ਸੋਚ ਤੂੰ ਸੱਜਣਾ ਮਾੜੇ ਨੇ ਕਾਹਤੋਂ ਤੇਰੇ ਹਾਲਾਤ,
ਸੁਪਨੇ ਤੇਰੇ ਹੁੰਦੇ ਨਾਂ ਕਾਹਤੋਂ, ਆਖਿਰ ਸਾਕਾਰ।

ਸੌੜੇ ਹਿੱਤ ਨੇ, ਜਿਨ੍ਹਾ ਦੇ ਅੰਦਰ, ਪਲਦੀ ਬਦਨੀਤ,
ਨੰਗੇ ਕਰ ਦੇ ਉਹਨਾਂ ਦੇ ਬੀਬਾ, ਮਾੜੇ ਕਿਰਦਾਰ।

ਪਾਉਂਦੇ ਜਿਹੜੇ ਹਉਮੈ ਨੂੰ ਪੱਠੇ, ਕਰ ਨਾ ਪਰਤੀਤ,
ਮਾਲਿਕ ਤੂੰ ਹੀ, ਇਹਨਾਂ ਦਾ ਤੇਰੇ, ਆਪਣੇ ਭੰਡਾਰ।

ਛੱਡ ਮੁਖਤਿਆਰੀ, ਢੋਹਵੇਂ ਤੂੰ ਘੱਟਾ, ਹੋ ਕੇ ਧਨਵਾਨ,
ਕੱਮਰਕੱਸਾ, ਕਰ ਲੈ ਤੂੰ ਚੁੱਕ ਲੈ, ਹੱਕ ਦੇ ਹਥਿਆਰ।

ਵਾਰਿਸ ਵਿਰਸੇ, ਦਾ ਤੂੰ ਹੀ, ਭੁੱਲ ਨਾ ਇਤਿਹਾਸ,
ਤੇਰੇ ਮੂਹਰੇ, ਟਿਕਣੇ ਨਾ ਦੇਖੀਂ ਵੈਰੀ ਖ਼ੂੰਖ਼ਾਰ।

ਮੋਢੇ ਦੂਜਿਆਂ, ਦੇ ਉੱਤੇ ਰੱਖ ਨਾ, ਚੱਲਣੀ ਬੰਦੂਕ,
ਤੈਨੂੰ ਖੁਦ ਹੀ, ਕਰਨਾ ਹੈ ਪੈਣਾ, ਆਪਣਾ ਉਪਚਾਰ।

ਲੋਟੂ ਘੜ੍ਹਦੇ, ਲੁੱਟਣ ਦੀ ਨੀਤੀ, ਜਿਹੜੇ ਦਿਨ-ਰਾਤ,
ਖ਼ੈਰ - ਖ਼ਵਾਹ ਨਾ, 'ਅਮਨਾ' ਇਹ ਸਾਰੇ ਸ਼ਸ਼ਤਰ ਦੋ ਧਾਰ।

✪

ਸਬਰ ਹਾਂ ਲਗਾਤਾਰ ਇੰਤਜ਼ਾਰ ਹਾਂ ਮੈਂ।
ਖ਼ੂੰਨਖਾਰ ਹਾਂ ਡੋਬ ਮੰਝਧਾਰ ਹਾਂ ਮੈ।

ਮੇਰੇ ਸਾਹਮਣੇ ਦੇਸ਼ ਦੀ ਆਬਰੂ ਹੈ,
ਨੌਜਵਾਨ ਮੈਂ, ਦੇਸ਼ ਦਾ, ਪਿਆਰ ਹਾਂ ਮੈ।

ਭਾਵ-ਭਿੰਨੀ ਤਸਵੀਰ ਹਾਂ ਕੌਮ ਦੀ ਮੈਂ,
ਇੰਨ-ਵਿੰਨ ਇਤਿਹਾਸ ਦਾ ਸਾਰ ਹਾਂ ਮੈਂ।

ਖ਼ੂਬਸੂਰਤੀ ਦੇਸ ਦੀ ਨਜ਼ਰ ਆਵੇ,
ਘੜਨ ਵਾਲੜਾ ਖ਼ੂਬ ਬੁੱਤਿਆਰ ਹਾਂ ਮੈਂ।

ਅਕਸ ਉਭਰ ਆਵੇ ਜ਼ਮਾਨੇ ‘ਚ ਐਸਾ,
ਲੋਕ ਆਖਦੇ ਕਿ ਕਲਾਕਾਰ ਹਾਂ ਮੈਂ।

ਖ਼ਬਰਸਾਰ ਮੈਂ ਖੁਦ ਲਊਂ ਕੁੱਲੀਆਂ ਦੀ,
ਕਿਉਂਕਿ ਕੁੱਲੀਆਂ ਦਾ ਜੁ ਗਮਖ਼ਾਰ ਹਾਂ ਮੈਂ।

ਮੈਂ ਕਦੇ ਨਿਭਾਇਆ ਨਹੀਂ ਫਰਜ਼ ਆਪਣਾ,
ਹਰ ਗਰੀਬ ਦਾ ਗੁਨਹਗਾਰ ਹਾਂ ਮੈਂ।

ਜੋ ਵੀ ਮੁਸ਼ਕਿਲਾਂ ਆਉਂਦੀਆਂ ਹੀਣਿਆਂ ਨੂੰ,
ਉਹਨਾਂ ਲਈ ਹੀ ਰੋਜ਼, ਦੋ ਚਾਰ ਹਾਂ ਮੈਂ।

‘ਅਮਨ’ ਸਮਝ ਨਾ ਲਈਂ ਮੈਂ ਝੂਠ ਕਹਿੰਦਾ,
ਜਿਉਂਦਾ ਜਾਗਦਾ, ਸਿਸ਼ਟਾਚਾਰ ਹਾਂ ਮੈਂ।

✪

ਸੀਨੇ ਲਾ ਲੈ, ਝੋਲੀ ਪਾ ਲੈ, ਹੱਸਕੇ ਇਹਨਾਂ ਹਾਰਾਂ ਨੂੰ।
ਫੁੱਲ ਸਰੀਰਾ, ਰੱਖ ਤੂੰ ਧੀਰਾ, ਸਹਿ ਵੀ ਲੈ ਹੁਣ ਖਾਰਾਂ ਨੂੰ।

ਜੇ ਕੁਝ ਪਾਉਣਾ, ਖੋਣਾ ਪੈਣਾ, ਬਿੱਖੜੇ ਪੈਂਡੇ ਜਿੰਦਗੀ ਦੇ,
ਜ਼ੇਰਾ ਕਰ ਲੈ, ਹੱਸ ਕੇ ਜ਼ਰ ਲੈ, ਤੂੰ ਕੰਡਿਆਲੀਆਂ ਤਾਰਾਂ ਨੂੰ।

ਮੰਜ਼ਿਲ ਤੇਰੇ, ਚਾਰ ਚੁਫੇਰੇ, ਗਹੁ ਦੇ ਨਾਲ ਤੂੰ ਤੱਕਦਾ ਨਹੀਂ,
ਮਾਰ ਹਨੇਰੇ, ਤੀਰ ਬਥੇਰੇ, ਕੋਸੇਂ ਤੂੰ ਹਥਿਆਰਾ ਨੂੰ।

ਸੁੱਖ ਤਾਂ ਹੋਵੇ, ਦੁੱਖ ਨਾ ਹੋਵੇ, ਮੂਲੋਂ ਇਹ ਗੱਲ ਜੱਚਦੀ ਨਾ,
ਲਾਹ ਦੇ ਗਲ ਤੋਂ, ਏਸੇ ਪਲ ਤੋਂ, ਮੌਤ ਵਰਗਿਆਂ ਭਾਰਾਂ ਨੂੰ।

ਆਵੇ ਬਾਬਰ, ਬਣ ਜਾ ਨਾਬਰ, ਪਾਣੀ ਸਿਰ ਤੋਂ ਲੰਘ ਗਿਆ,
ਬਾਜ਼ ਪੰਖੇਰੂ, ਖੇਰੂੰ-ਖੇਰੂੰ, ਕਰ ਚਿੜੀਆਂ ਦੀਆਂ ਡਾਰਾਂ ਨੂੰ।

ਪਾਈ ਤਾਜ਼ੀ, ਮੋੜ ਦੇ ਭਾਜੀ, ਡਰ ਨਾ ਜਾਈਂ ਦੁਸ਼ਮਣ ਤੋਂ,
ਨਾ ਜਾਹ ਨੱਸ ਕੇ, ਮੋੜ ਦੇ ਹੱਸਕੇ, ਤੂੰ ਦੁਸ਼ਮਣ ਦੇ ਵਾਰਾਂ ਨੂੰ।

ਸੁਣ ਲੈ ਬੀਬਾ, ਸੋਚ ਹਬੀਬਾ, ਜਿਉਣਾ ਡਾਢਾ ਔਖਾ ਹੈ,
ਵੈਰੀ ਆਉਂਦਾ, ਸ਼ੋਰ ਮਚਾਉਂਦਾ, ਲੈ ਲੈ ਹੁਣ ਤਾਂ ਸਾਰਾਂ ਨੂੰ।

ਤੇਰੀ ਝੋਲੀ, ਕਿਉਂ ਹੈ ਖਾਲੀ, ਇਹ ਤਾਂ ਸੀ ਗੀ ਭਰੀ ਹੋਈ,
ਗੱਭਰੂ ਚੀਨਾ, ਚੌੜਾ ਸੀਨਾ, ਲੰਘ ਜਾਹ ਤੂੰ ਮੰਝਧਾਰਾਂ ਨੂੰ।

ਮੁੱਕਦੀ ਗੱਲ ਹੈ, ਹੁੰਦਾ ਛਲ ਹੈ, ਹੱਕ-ਹਲਾਲ ਕਮਾਈ ਸੰਗ,
ਮੰਨ 'ਅਮਨ' ਦੀ, ਲੱਠ ਦਮਨ ਦੀ, ਸਬਕ ਸਿਖਾ ਬੁਰਿਆਰਾਂ ਨੂੰ।

✪

ਬੈਠਣਾ ਦੋ ਬੇੜੀਏਂ ਖੁਆਰੀਆਂ ਨੇ ਹੁੰਦੀਆਂ।
ਹਿਰਨਾਂ ਦੇ ਸਿੰਗੀਂ ਕੀ ਸਵਾਰੀਆਂ ਨੇ ਹੁੰਦੀਆਂ।

ਮੰਜ਼ਿਲਾਂ ਦੀ ਭਾਲ ਵਿੱਚ ਚੱਲ ਪਿਆ ਮੂਰਖਾ,
ਸੱਚ, ਜੋ ਅਤੀਤ ਨੇ ਚਿਤਾਰੀਆਂ ਨੇ ਹੁੰਦੀਆਂ।

ਧੋਖਿਆਂ, ਫਰੇਬਾਂ ਨਾਲ ਦੌਲਤਾਂ ਕਮਾਉਣੀਆਂ,
ਆਜ਼ਿਜ਼ੀ ਦੇ ਨਾਲ਼ ਸਰਦਾਰੀਆਂ ਨੇ ਹੁੰਦੀਆਂ।

ਜੀਵਿਕਾਂ ਕਮਾਉਣੀਆਂ ਕੀ ਕਮਾਉਣੀਆਂ ਵਿਦੇਸ਼ 'ਚੋਂ,
ਆਪਣੇ ਹੀ ਦੇਸ਼ ਜੋ ਖਿਲਾਰੀਆਂ ਨੇ ਹੁੰਦੀਆਂ।

ਜਾਣ ਲੈ ਤੂੰ ਜਾਣ ਲੈ ਮੁਕਾਮ ਤੇਰਾ ਅਸਲੀ,
ਬਿੰਦ ਦਾ ਵਸੇਰਾ ਇਹ ਅਟਾਰੀਆਂ ਨੇ ਹੁੰਦੀਆਂ।

ਪਹੁੰਚ ਕੇ ਮੈਅਖ਼ਾਨੇ ਫਿਰੇਂ ਲੱਭਦਾ ਖ਼ੁਮਾਰੀਆਂ,
ਝੂਠੀਆਂ ਖ਼ੁਮਾਰੀਆਂ ਉਧਾਰੀਆਂ ਨੇ ਹੁੰਦੀਆ।

ਆਦਮੀ ਮਹਾਨ ਉਹ, ਮਹਾਨ ਜੀਹਦਾ ਕੰਮ ਹੈ,
ਔਕੜਾਂ ਤਮਾਮ ਜਾਂ ਵਿਚਾਰੀਆਂ ਨੇ ਹੁੰਦੀਆਂ।

ਸੋਨਾ ਸ਼ੁੱਧ ਹੁੰਦਾ ਜੋ ਕੁੱਠਾਲੀ ਵਿੱਚ ਪੈ ਗਿਆ,
ਪਿੰਡੇ ਜਾਂ ਮੁਸੀਬਤਾਂ ਸਹਾਰੀਆਂ ਨੇ ਹੁੰਦੀਆਂ।

ਮਾਣਦੇ ਆਜਾਦੀਆਂ 'ਅਮਨ' ਮਰਜੀਵੜੇ,
ਰੀਝਾਂ ਜਿੰਨ੍ਹਾਂ ਦੇਸ਼ ਉਤੋਂ ਵਾਰੀਆਂ ਨੇ ਹੁੰਦੀਆਂ।

✪

ਦਿਲਾ ਅੱਜ ਬਿਆਨ ਕਰਦੇ ਤੂੰ ਜੁਦਾਈ ਦਾ ਗ਼ਮ।
ਬੜਾ ਮੁਸ਼ਕਿਲ ਹੈ ਸਹਿਣਾ ਜੱਗ ਹਸਾਈ ਦਾ ਗ਼ਮ।

ਨਿਰਾਸ਼ਾ ਹੀ ਨਿਰਾਸ਼ਾ ਹੈ ਗਿਲਾ ਕੀ ਕਰੀਏ,
ਅਸਾਂ ਨੂੰ ਖਾ ਗਿਆ ਤੇਰੀ ਵਿਦਾਈ ਦਾ ਗ਼ਮ।

ਕਦੇ ਵੀ ਰਾਸ ਆਉਂਦੀ ਨਾ ਇਸ਼ਕ ਨੂੰ ਮੰਜ਼ਿਲ,
ਸਿਲੇ ਵਿੱਚ ਮਿਲ ਗਿਆ ਤੇਰੀ ਖ਼ਫਾਈ ਦਾ ਗ਼ਮ।

ਇਹ ਇਤਨਾ ਵੀ ਨਹੀਂ ਸੌਖਾ ਵਿਸ਼ਾ ਵਸਲਾਂ ਦਾ,
ਕਦੇ ਸਹਿਣਾ ਵੀ ਪੈਂਦਾ ਏ ਸ਼ੁਦਾਈ ਦਾ ਗ਼ਮ।

ਨਦੀ ਅੱਗ ਦੀ ਵੀ ਤਰਨੀ ਪਊ ਮੁਹੱਬਤ ਖਾਤਿਰ,
ਕਿਸੇ ਨਾਸੂਰ ਦੇ ਵਾਂਗੂੰ ਜਫ਼ਾਈ ਦਾ ਗ਼ਮ।

ਬੜੇ ਗ਼ਮ ਨੇ ਜੇ ਸਮਝੋਂ ਤਾਂ ਜਮਾਨੇ ਦੇ ਵਿੱਚ,
ਖ਼ੁਦੀ ਨੂੰ ਹੈ ਜਿਵੇਂ ਰਹਿੰਦਾ ਖ਼ੁਦਾਈ ਦਾ ਗ਼ਮ।

ਗਈ ਹੋ ਬਹੁਤ ਰੁਸਵਾਈ, ਹਾਂ ਕੱਖੋਂ ਹੌਲੇ,
ਕਿਸੇ ਨੂੰ ਦੋਸ਼ ਕੀ ਦੇਈਏ ਰੁਬਾਈ ਦਾ ਗ਼ਮ।

ਅਸਲ ਵਿੱਚ ਸੱਚ ਪੁੱਛੋਂ ਜੇ ਹਕੀਕਤ ਕੀ ਹੈ,
ਤੁਹਾਨੂੰ ਤਾਂ ਹੈ ਸਾਡੀ ਬੱਸ ਵਫ਼ਾਈ ਦਾ ਗ਼ਮ।

ਬੜੇ ਦੁੱਖੜੇ ਪਏ ਝੱਲਣੇ ਇਸ਼ਕ ਦੇ ਰਾਹ ਵਿੱਚ,
'ਅਮਨ' ਛੱਡ ਦੇ ਤੂੰ ਤਨਹਾਈ ਸਵਾਈ ਦਾ ਗ਼ਮ।

✪

ਤੰਦ ਆਖਿਰੀ ਵਕਤ ਦੀ ਕੱਤ ਕੁੜੀਏ।
ਜਿਊਣ ਝੂਠ ਹੈ, ਮਰਨ ਹੈ ਸੱਚ ਕੁੜੀਏ।

ਮੇਲਾ ਦੇਖਣਾ ਚਾਹੀਦੈ ਚੱਲ ਫਿਰ ਕੇ,
ਬਦਲ ਆਪਣੀ ਸੋਚ ਦੀ ਮੱਤ ਕੁੜੀਏ।

ਦੁਨੀਆਂਦਾਰੀਆਂ ਵਿੱਚ ਤੂੰ ਮਸਤ ਹੋਈ,
ਕਾਹਤੋਂ ਭੁੱਲਿਆ ਹੈ ਤੈਨੂੰ ਰੱਬ ਕੁੜੀਏ।

ਕਸ਼ਟ ਆਏ ਤਾਂ ਸੁਰਖ਼ਰੂ ਹੋ ਜਾਊਂ,
ਤਰਕ ਵਹਿਮ ਦਾ ਜ਼ਿਹਨ 'ਚੋਂ ਕੱਢ ਕੁੜੀਏ।

ਲੱਖ ਵਾਰ ਕੱਬੂਤਰਾ ਮੀਟ ਅੱਖਾਂ,
ਬਿੱਲੀ ਲਊ ਆਖਿਰ ਨੂੰ ਨੱਪ ਕੁੜੀਏ।

ਹੱਕ, ਸੱਚ ਦੀ ਆਖਦੇ ਕਿਰਤ ਚੰਗੀ,
ਕਿਰਤ ਓਪਰੀ, ਕੰਮ ਨਾ, ਕੱਖ ਕੁੜੀਏ।

ਕੋਈ ਰੋਜ਼ ਤੂੰ ਸੜਕ ਤੇ ਸੈਰ ਕਰਲੈ,
ਅਸਲ ਮੁੱਲ ਤੂੰ ਆਪਣਾ ਵੱਟ ਕੁੜੀਏ।

ਇੱਕ ਦਿਨ ਕੱਚ ਦਾ ਕੰਗਣਾ ਟੁੱਟ ਜਾਣਾ,
ਪਰਸੋਂ, ਕੱਲ੍ਹ ਜਾਂ ਜਾਣ ਤੂੰ ਅੱਜ ਕੁੜੀਏ।

ਸਾਨੂੰ ਦੇਸ਼ ਹੈ ਜਾਨ ਤੋਂ ਵੱਧ ਪਿਆਰਾ,
'ਅਮਨ' ਝੱਲਣੇ ਪੈਣ ਲੱਖ ਫੱਟ ਕੁੜੀਏ।

✪

ਔਕੜਾਂ ਦੀ ਡੂੰਘ ਵਿੱਚ ਵੀ ਲਹਿਣ ਦੇ।
ਗ਼ਮ ਵੀ ਜੇ ਨੇ ਲੇਖ ਵਿੱਚ ਗ਼ਮ ਸਹਿਣ ਦੇ।

ਕਰਮ ਘੜਦੇ ਕਿਸਮਤਾਂ ਇਹ ਤੱਥ ਹੈ,
ਹੋਰ ਸਭ ਕੁਝ ਝੂਠ, ਦਾਅਵੇ ਕਹਿਣ ਦੇ।

ਵਿਹਲੇ ਮਨ ਨੂੰ ਹੁੱਜਤਾਂ ਨੇ ਭਾਉਂਦੀਆਂ,
ਭਰ ਨਦੀ ਰੁਝੇਂਵਿਆਂ ਦੀ ਵਹਿਣ ਦੇ।

ਹੱਕ ਪਰਾਇਆ ਸ਼ੋਭਦਾ ਸ਼ੈਤਾਨ ਨੂੰ,
ਆਪਣਾ ਹੀ ਦੇ, ਪਰਾਇਆ ਰਹਿਣ ਦੇ।

ਕਾਂ ਬਨੇਰੇ ਦਾ ਏ ਮਨ ਹੈ, ਭਟਕਦਾ,
ਕਰ ਲਵੇ ਆਰਾਮ ਕੁਝ ਪਲ ਬਹਿਣ ਦੇ।

ਸੋਚਦਾ ਹਾਂ ਕਰ ਲਈ ਤੈਅ ਵਾਟ ਮੈਂ,
ਵਹਿਮ ਦੇ ਇਸ ਮਹਿਲ ਨੂੰ ਤੂੰ ਢਹਿਣ ਦੇ।

ਲੋਚਦਾਂ ਏ ਵਗਣ 'ਵਾਵਾਂ ਠੰਡੀਆਂ',
ਗਰਮ 'ਵਾ ਨੂੰ ਵੀ ਤੂੰ ਪਿੰਡੇ ਖਹਿਣ ਦੇ।

ਬੇਰ ਲੱਗੇ ਬੇਰੀਆਂ ਨੂੰ ਦੇਖ ਕੇ,
ਫ਼ਲ ਵਿਹੂਣੇ ਸਿੰਬਲਾਂ ਨੂੰ ਤਹਿਣ ਦੇ।

ਮੈਂ ਬਥੇਰਾ ਰੋਕਿਆ ਸੀ 'ਅਮਨ' ਨੂੰ,
ਜੋ ਵੀ ਕਹਿੰਦਾ ਓਸ ਨੂੰ ਅੱਜ ਕਹਿਣ ਦੇ।

✪

ਮਾਪਿਆਂ ਸਹਾਰੇ ਅਸੀਂ ਲਏ ਸੀ ਨਜ਼ਾਰੇ।
ਪੁੱਛ ਨਾ ਤੂੰ ਹੁਣ ਕਿੰਞ ਹੁੰਦੇ ਨੇ ਗੁਜ਼ਾਰੇ।

ਬਚਪਨ ਹੁਣ ਉਹੀਓ ਮੁੜੂ ਕਦੋਂ ਦੋਸਤਾ,
ਤੁਰਨ ਲਈ ਸੀ ਜਦ ਲੱਭਦੇ ਸਹਾਰੇ।

ਲਿਆਉਣ ਦਾ ਫਿਕਰ ਸੀ ਤੇ ਨਾ ਹੀ ਖਾਣ ਦਾ,
ਜੇਬ ਦਾ ਫਿਕਰ ਹੁਣ ਮਾਰਦਾ ਬਜ਼ਾਰੇ।

ਪੈਂਟ ਤੇ ਸ਼ਰਟ ਸਦ ਮਾਅਰਕਾ ਬ੍ਰੈਂਡ,
ਟਾਕੀਆਂ ਦੇ ਨਾਲ ਅੱਜ ਕੱਪੜੇ ਸੰਵਾਰੇ।

ਮੌਜ਼ ਨਾਲ਼ ਕਰੀਂ ਦਾ ਸੀ ਹਰ ਕੰਮ ਨੂੰ,
ਅੱਜ ਪੈਰ ਪੁੱਟਦੇ ਹਾਂ ਸੰਭਲ ਪਿਆਰੇ।

ਖ਼ੁਸ਼ੀਆਂ ਤੇ ਚਾਵਾਂ ਨਾਲ ਕਰਦੇ ਬਸ਼ਰ ਸੀ,
ਰੁੱਸ ਗਈਆਂ ਖ਼ੁਸ਼ੀਆਂ, ਨੇ ਗਮਾਂ ਦੇ ਹੁਲਾਰੇ।

ਸਾਰ ਨਾ ਸੀ ਕੋਈ ਕੀ ਮਜ਼ਹਬ, ਜਾਤ-ਪਾਤ,
ਦੋ ਢਿੱਡ ਤੌੜੀ ਅੱਜ ਆਪਣੇ ਸ਼ਿੰਗਾਰੇ।

ਮੁੱਲ ਨਹੀਂਉ ਪੈਂਦਾ ਅੱਜ ਕਿਸੇ ਕੰਮ-ਕਾਰ ਦਾ,
ਕੋਈ ਨਹੀਂਉ ਸੋਚਦਾ ਏ ਮਿਹਨਤਾਂ ਦੇ ਬਾਰੇ।

ਰੋਜ਼ ਯਾਦ ਆਉਂਦੇ ਨੇ 'ਅਮਨ' ਮਾਈ ਬਾਪ,
ਚਿੱਤ 'ਚ ਉਦਾਸੀਆਂ ਤੇ ਨੈਣੀਂ ਹੰਝੂ ਖਾਰੇ।

✪

ਮੈ ਬੇਗੁਰੇ ਇਨਸਾਨ ਸੰਗ, ਤਕਰਾਰ ਨਹੀਂ ਕਰਦਾ।
ਆਲੋਚਨਾ ਤੇ ਮੈਂ ਕਦੇ ਇਤਵਾਰ ਨੀ ਕਰਦਾ।

ਜੋ ਦਿਸ ਰਿਹਾ ਹੈ ਸਾਹਮਣੇ, ਪ੍ਰਮਾਣ ਹੈ, ਸੱਚ ਹੈ,
ਬਿਨ ਦੇਖਿਆਂ ਮੈਂ ਹੋਂਦ ਨੂੰ, ਸਵਿਕਾਰ ਨਹੀ ਕਰਦਾ।

ਆਧਾਰ ਜਿਸਦਾ ਝੂਠ ਹੈ, ਉਹ ਸੱਚ ਨਹੀ ਬਣਦਾ,
ਮੈਂ ਸੱਚ ਸੰਗ ਕੂੜ ਦਾ, ਵਿਉਹਾਰ ਨਹੀ ਕਰਦਾ।

ਬੱਸ, ਪਿਆਰ ਮੇਰਾ ਇਸ਼ਟ ਹੈ ਤੇ ਪਿਆਰ ਹੀ ਪੂੰਜੀ,
ਮੈਂ ਨਫਰਤਾਂ ਨੂੰ ਪਾਲ਼ਦੇ, ਕਿਰਦਾਰ ਨਹੀ ਕਰਦਾ।

ਤੂੰ ਅਦਬ ਨੂੰ ਸਤਿਕਾਰ ਦੇ, ਅਪਮਾਨ ਨਾ ਕਰ ਤੂੰ,
ਮੈਂ, "ਹਾਂ 'ਚ ਹਾਂ", ਗਰਦਾਨ ਕੇ, ਸਿਰ ਭਾਰ ਨਹੀ ਕਰਦਾ।

ਸੌਦਾਗਿਰੀ ਵਿੱਚ ਦੋਸਤਾ ਈਮਾਨ ਨਹੀਂ ਚੱਲਦਾ,
ਮੈਂ ਖਿਆਲਾਤ ਦਾ, ਪ੍ਰਚਾਰ ਨਹੀਂ ਕਰਦਾ।

ਇਨਸਾਨ ਸਭ ਇਨਸਾਨ ਨੇ, ਇਕਸਾਰ ਨੇ ਸਾਰੇ,
ਮੈਂ ਬੇਵਜ੍ਹਾ ਇਸ ਭਾਵ ਨੂੰ, ਉੱਲਾਰ ਨਹੀਂ ਕਰਦਾ।

ਨਾ ਸ਼ੁਕਰ, ਨਾ ਧੰਨਵਾਦ, ਜੋ ਦਾਤਾਰ ਦਾ ਕਰਦੇ,
ਰੱਬ, ਸਾਤਕਾਂ ਦੀ ਸੋਚ ਨੂੰ ਗੁਲਜ਼ਾਰ ਨਹੀਂ ਕਰਦਾ।

ਹਰ ਲੈ ਪਰਾਈ ਪੀੜ੍ਹ, ਜਸ ਸੰਸਾਰ ਤੇ ਖੱਟ ਲੈ,
ਐ 'ਅਮਨ' ਮੈ ਵੀ ਰੰਕ ਉੱਤੇ ਮਾਰ ਨਹੀਂ ਕਰਦਾ।

✪

ਵੱਧਦੀ ਗਈ ਜੇ ਇੰਞ ਅਬਾਦੀ, ਫਿਰ ਕੀ ਬਣਤ ਬਣਾਵਾਂਗੇ।
ਲੰਘ ਗਿਆ ਜਦ ਸਿਰ ਤੋਂ ਪਾਣੀ, ਕਿਹੜੇ ਖ਼ੂਹ ਵਿੱਚ ਜਾਵਾਂਗੇ।

ਧਰਤੀ, ਜਿੰਨਾਂ ਉਗਲੀਂ ਜਾਵੇ, ਟਿੱਡੀ ਦਲ ਨਿਗਲੀਂ ਜਾਂਦਾ,
ਦਾੜ੍ਹੀ ਨਾਲੋਂ ਮੁੱਛਾ ਭਾਰੀ, ਖਾਲੀ ਢਿੱਡ ਖੜਕਾਵਾਂਗੇ।

ਕਿੱਥੇ ਬੁਰਕੀ, ਕਿੱਥੇ ਰੋਟੀ, ਉੱਠ ਦੇ ਮੂੰਹ ਵਿੱਚ ਜਿਉਂ ਜੀਰਾ,
ਦਾਰੇ ਪਹਿਲਵਾਨ ਜਾਂ ਗਾਮੇ, ਕਿੱਥੋਂ ਲੱਭ ਕੇ ਲਿਆਵਾਗੇ।

ਸੁੱਕੀਆਂ ਕਾਨੇ ਵਰਗੀਆਂ ਲੱਤਾਂ, ਜਾਪਣ ਖੇਤ ‘ਚ ਡਰਨੇ ਵਾਂਗ,
ਪੈ ਗਈ ਨਸ਼ਿਆਂ ਵਿੱਚ ਜਵਾਨੀ, ਕਿਹਨੂੰ ਕੀ ਸਮਝਾਵਾਂਗੇ।

ਜਾ ਵੀ ਵੜੀਏ ਹੋਰ ਗ੍ਰਹਿ ਤੇ, ਜਿੱਥੇ ਪਾਣੀ – ਧਾਣੀ ਨਾ,
ਦੱਸੋ ਕੀ ਕਰੀਏ ਹੁਣ ਹੀਲਾ, ਕਿੱਥੋਂ ਅੰਨ ਮੰਗਵਾਂਵਾਂਗੇ।

ਕੁਝ ਵੀ ਵਿਗੜਿਆ ਨਹੀਂਉ ਹਾਲਾਂ, ਵੀਰੋ ਡੁੱਲ੍ਹੇ ਬੇਰਾਂ ਦਾ,
ਚੁੱਕ ਕੇ ਝੋਲੀ ਦੇ ਵਿੱਚ ਪਾ ਲਉ, ਵੇਲੇ ਨੂੰ ਪਛਤਾਵਾਂਗੇ।

ਇੱਕ ਜਾਂ ਦੋ ਬੱਚੇ ਬੱਸ ਕਾਫੀ, ਦੋਵੇਂ, ਮੀਆਂ ਜਾਂ ਬੀਵੀ,
ਅੱਜ ਹੀ ਨਸਬੰਦੀ ਅਪਣਾ ਲਉ, ਬੈਠੇ ਸੁਰਗ ਹੰਢਾਵਾਂਗੇ।

ਸਭ ਹੋ ਜਾਣੇ ਵਾਰੇ ਨਿਆਰੇ, ਘਰ ਵਿੱਚ ਖੁਸ਼ੀਆਂ ਤੇ ਬਰਕਤ,
ਦੇਸ ਚਿੜੀ ਸੋਨੇ ਦੀ ਬਣਨਾ, ਜੱਗ ਵਿੱਚ ਸ਼ਾਨ ਵਧਾਵਾਂਗੇ।

ਦੁੱਧੀਂ ਨਹਾਈਏ– ਫਲ਼ੀਏ, ਕਰੀਏ, ਕੁਰਲੀਆਂ ਦੇਸੀ ਘਿਉ ਦੀਆਂ,
ਫਿਰ ਨਾ 'ਅਮਨ' ਦਾ ਕੋਈ ਸਾਨੀ, ਜੇਕਰ ਵੱਸੋਂ ਘਟਾਵਾਂਗੇ।

✪

ਸਮਝ ਐ ਦਿਲ ਰਾਠ ਦੀ ਚਾਲ ਨੂੰ।
ਅਣਕਿਆਸੇ ਵਕਤ ਦੇ ਹਾਲ ਨੂੰ।

ਕਿੰਞ ਕਹਾਂ ਕਿ ਦਿਨ ਨਵੇਂ ਆਉਣਗੇ,
ਕੀ ਦਿਆਂ ਮੈਂ ਰੋਂਦੜੇ ਬਾਲ ਨੂੰ।

ਮਨ 'ਚ ਮੇਰੇ ਧੁਖ ਰਹੀ ਦੁਵਿਧਾ,
ਖਾ ਧਿੰਗਾਣੇ ਹਨ ਰਹੇ ਮਾਲ ਨੂੰ।

ਹਾਂ, ਮਿਲੂ ਮੰਜ਼ਿਲ ਅਵੱਸ਼ ਰਾਹਗਿਰਾ,
ਖ਼ਤਮ ਨਾ ਕਰ ਆਪਣੀ ਭਾਲ ਨੂੰ।

ਮਿਹਨਤਾਂ ਨੂੰ ਫਲ ਪਵੇਗਾ ਜ਼ਰੂਰ,
ਸਿਦਕ ਸੰਗ ਤੂੰ ਢੂੰਡ ਲੈ ਲਾਲ ਨੂੰ।

ਪਤਝੜਾਂ ਵੀ ਆਉਣ ਜੇ ਡੋਲ ਨਾ,
ਪੱਤ ਹਰੇ ਹੋ ਜਾਣਗੇ ਸਾਲ ਨੂੰ।

ਗੈਰ ਲਈ ਨਾ ਰੱਖ ਮੰਦਭਾਵਨਾ,
ਸ਼ੁਭ ਇੱਛਾਵਾਂ ਪਾਲ ਤੂੰ ਨਾਲ ਨੂੰ।

ਵਹਿਮ 'ਚੋਂ ਕੁਝ ਵੀ ਨਹੀ ਲੱਭਣਾ,
ਵੱਖ ਨਾ ਕਰ ਖੱਲ ਤੇ ਵਾਲ ਨੂੰ।

ਚੋਗ ਚੁਗਦਾ ਫਸ ਗਿਆ ਜਾਲ ਵਿੱਚ,
'ਅਮਨ' ਉੱਡ ਜਾ ਲੈ ਸਣੇ ਜਾਲ ਨੂੰ।

✪

ਵਿੱਚ ਪਰਦੇਸੀਂ ਆ ਕੇ ਪੈ ਗਏ ਦੁੱਖੜੇ ਭਾਰੇ।
ਰੋਟੀ ਕਿੰਵ ਕਰਾਉਂਦੀ ਵਿੰਗੇ ਟੇਢੇ ਕਾਰੇ।

ਆਪਣੇ ਦੇਸ ’ਚ ਔਖਾ ਪਰਵਾਸੀ ਅਖਵਾਉਣਾ,
ਵਿੱਚ ਵਿਦੇਸ਼ੀਂ ਸੌਖਾ, ਲੱਖ ਕੋਈ ਤਾਹਨੇ ਮਾਰੇ।

ਘਰ ਪਰਿਵਾਰ ਛੱਡਣ ਦੀ ਵੀ ਸੀ ਇੱਕ ਮਜਬੂਰੀ,
ਆਪਣੇ ਦੇਸ਼ ‘ਚ ਵੀ ਦਿਨ ਕੱਟਦੇ ਰਹੇ ਉਧਾਰੇ।

ਵੱਟੀਂਦਾ ਵੀ ਕੀ ਏ ਕੱਲੇ ‘ਕਹਿਰੇ ਦੀ ਕਮਾਈ ਦਾ,
ਟੱਬਰ ਵੱਡਾ, ਮਹਿੰਗ ‘ਚ ਔਖੇ ਹੋਣ ਗੁਜਾਰੇ।

ਕੁਝ ਪੈਲੀ ਵੇਚੀ, ਗਹਿਣੇ ਪਾਈ ਬਾਕੀ ਦੀ,
ਦੇਖੋ ਸਿਤਮ, ਨਾ ਬੇੜੀ ਲੱਗੀ ਅਜੇ ਕਿਨਾਰੇ।

ਏਥੇ ਕੁਝ ਵੀ ਮੁੱਲ ਨਹੀਂ ਲਿਆਕਤ ਅਤੇ ਪੜ੍ਹਾਈ ਦਾ ,
ਕਰਦੇ ਅੰਤ ਮਜ਼ੂਰੀ ਦਾਨਿਸ਼ਮੰਦ ਬਿਚਾਰੇ।

ਮੁਫਤੀ ਵੇਚ ਜਾਇਦਾਦਾਂ, ਉੱਡ ਗਏ ਵਿੱਚ ਜਹਾਜ਼ਾਂ ਦੇ,
ਗੈਸ ਬਿਨ੍ਹਾਂ ਜੋ ਉੱਡਣਾ ਚਾਹੁੰਦੇ ਜਿਵੇਂ ਗੁਬਾਰੇ।

ਨਾ ਕੁਝ ਹੱਥ ਨਾ ਪੱਲੇ ਭੇਜੀਏ ਕੀ ਹੁਣ ਵਤਨਾਂ ਨੂੰ,
ਕੱਲ੍ਹ ਨੂੰ ਭੇਜਾਂਗੇ, ਮਨੀਆਰਡਰ, ਲਾਉਂਦੇ ਲਾਰੇ।

ਪੰਛੀ ਕੈਦ, ਝੂਰਦਾ ਵਿੱਚ ਸੋਨੇ ਦੇ ਪਿੰਜਰੇ ਦੇ,
'ਅਮਨਾ' ਘਰੇ ਕਮਾਈ ਕਰਦੀ ਵਾਰੇ ਨਿਆਰੇ।

✪

ਗਮ ਪੀਣਾ ਕੋਈ ਨੁਮਾਇਸ਼ ਨਹੀਂ।
ਇੰਤਜ਼ਾਰ ਦੀ ਹੋਰ ਗੁੰਜਾਇਸ਼ ਨਹੀਂ।

ਫੁਰਮਾਇਸ਼ ਹੁੰਦੀ ਸਕਤੇ ਦੀ,
ਇਹ ਬੇਨਤੀ ਹੈ ਫੁਰਮਾਇਸ਼ ਨਹੀਂ।

ਬਦਨਾਮ ਕਿਤੇ ਨਾ ਹੋ ਜਾਵਾਂ,
ਨਾ ਕੋਈ ਖ਼ਾਹਿਸ਼ - ਖ਼ੁਹਾਇਸ਼ ਨਹੀਂ।

ਸਾਨੂੰ ਕਿੱਥੇ - ਕਿੱਥੇ ਢੂੰਡੋਂਗੇ,
ਸਾਡੀ ਸ਼ਹਿਰ 'ਚ ਕੋਈ ਰਿਹਾਇਸ਼ ਨਹੀਂ।

ਤੇਰੇ ਦਿਲ ਵਿੱਚ ਕੀ ਹੈ ਰੱਬ ਜਾਣੇ,
ਸਾਡੇ ਦਿਲ ਵਿੱਚ ਦੂਜ – ਦਵਾਇਸ਼ ਨਹੀਂ।

ਕੁੱਝ ਬੁੱਝੇ – ਬੁੱਝੇ ਜਿਹੇ ਲੱਗਦੇ ਓ,
ਅੱਜ – ਕੱਲ੍ਹ ਉਹ ਗਰਮਾਇਸ਼ ਨਹੀਂ।

ਮੈਂ ਤਾਂ ਐਂਵੇ ਸਰਸਰੀ ਪੁੱਛ ਬੈਠਾ,
ਨਹੀਂ, ਤੇਰੀ ਇਹ ਅਜ਼ਮਾਇਸ਼ ਨਹੀਂ।

ਸਿਰ –ਧੜ ਦੀ ਬਾਜ਼ੀ ਲਾ ਦੇਊਂ,
ਮੈ ਹੋਇਆ ਹਾਲ, ਹਤਾਇਸ਼ ਨਹੀਂ।

ਉਹ ਪਾਜ਼ੀ ਹੈ, ਜੋ, 'ਅਮਨ' ਕਹੇ,
ਨੇ ਗ਼ਮ ਦੇ ਵੈਣ, ਗਵਾਇਸ਼ ਨਹੀਂ।

✪

ਮਣਾਂ-ਮੂੰਹੀ ਲਾਡ ਤੇ ਪਿਆਰ ਦੇਉ ਬਾਲ ਨੂੰ।
ਮੋਹ ਦੇ ਭਿੱਜੇ ਹੋਏ ਸੰਸਕਾਰ ਦੇਉ ਉਬਾਲ ਨੂੰ।

ਪੁੱਤਰਾਂ ਤੇ ਧੀਆਂ ਵਿੱਚ ਫ਼ਰਕ ਕੋਈ ਹੁੰਦਾ ਨਾ,
ਜਿੰਦਗੀ 'ਚ ਮੌਕੇ ਇੱਕਸਾਰ ਦੇਉ ਬਾਲ ਨੂੰ।

ਦਿੱਤਾ ਜੇ ਜਨਮ ਫੇਰ ਫਰਜ਼ ਵੀ ਨਿਭਾਉ ਖਾਂ,
ਕੁੱਝ ਨਾ ਲੁਕੋਵੋ ਉਪਚਾਰ ਦੇਉ ਬਾਲ ਨੂੰ।

ਜੋ ਵੀ ਸਿਖਾਉ, ਬੱਚਾ ਉਹੀਉ ਸਿੱਖ ਜਾਏਗਾ,
ਐਸੀ ਅਪਣੱਤ, ਇਤਬਾਰ ਦੇਉ ਬਾਲ ਨੂੰ।

ਪਾਰ ਜੇ ਵਸਾਵੇ ਕਰੇ ਸੇਵਾ ਲੋੜਵੰਦ ਦੀ,
ਆਚਰਣ ਪੱਖੋਂ ਵੀ ਨਿਖਾਰ ਦੇਉ ਬਾਲ ਨੂੰ।

ਖੰਡੇ ਕਰਮ-ਕਾਂਡ ਨੂੰ ਤੇ ਅੰਧ ਵਿਸ਼ਵਾਸ ਨੂੰ,
ਵਿੱਦਿਆ ਦਾ ਐਸਾ ਹਥਿਆਰ ਦਿਉ ਬਾਲ ਨੂੰ।

ਚੰਗੀਆਂ ਖੁਰਾਕਾਂ ਹੋਣ, ਚੰਗੀ ਪਾਲ - ਪੋਸ਼ਣਾ,
ਗਿਆਨ ਦਾ ਭੰਡਾਰ ਵਿਸਥਾਰ ਦੇਉ ਬਾਲ ਨੂੰ।

ਆਪਣਿਆ ਹੱਥਾਂ ਤੇ ਯਕੀਨ ਹੋਵੇ ਤਕੜਾ,
ਭੈਅ ਤੇ ਹੀਣ - ਭਾਵ 'ਚੋਂ ਉਭਾਰ ਦੇਉ ਬਾਲ ਨੂੰ।

ਇਹੋ ਜਿਹਾ ਬਾਲ ਜੀਹ 'ਤੇ ਮਾਣ ਹੋਵੇ ਦੇਸ਼ ਨੂੰ ,
ਹੌਸਲਾ 'ਅਮਨ' ਇਹ ਜੁਝਾਰ ਦੇਉ ਬਾਲ ਨੂੰ।

✪

ਆ ਗਈ ਆ ਗਈ ਮੌਤ ਵੀ ਆ ਗਈ।
ਆਖਿਰੀ ਵਕਤ ਦੀ ਚਿਤਵਣੀ ਲਾ ਗਈ।

ਛੱਡ ਪਰ੍ਹਾਂ ਜਗਤ ਦੇ ਪੈ ਰਹੇ ਸ਼ੋਰ ਨੂੰ,
ਦੇਖ ਅਹੁ ਮੌਤ ਕਿੰਵ ਕਾਲ ਨੂੰ ਖਾ ਗਈ।

ਰਾਤ ਭਰ ਰਾਗਣੀ ਅੱਥਰੂ ਡੋਲ੍ਹ ਕੇ,
ਕੀਰਨੇ ਸੋਚ ਦੇ ਬੈਠ ਕੇ ਗਾ ਗਈ।

ਵਕਤ ਨੂੰ ਮਾਣ ਕੀ ਆਪਣੇ ਹਸ਼ਰ ਤੇ,
ਵਕਤ ਦੇ ਹਸ਼ਰ ਤੇ ਜ਼ਿੰਦਗੀ ਛਾ ਗਈ।

ਧ੍ਰਿਗ ਕੀ ਹੈ ਤਿਰੇ ਜਿਉਣ ਦਾ ਦੋਸਤਾ,
ਭੇਦ, 'ਇਹ ਭੇਦ ਦਾ' ਲੋਚ ਸਮਝਾ ਗਈ।

ਲੋਕ ਗੱਲਾਂ ਹਵਾ ਵਿੱਚ ਰਹੇ ਕਰ ਕਿਵੇਂ,
ਉੱਧਰ ਹੀ ਜਿੱਧਰ ਨੂੰ ਹੈ ਹਵਾ ਜਾ ਰਹੀ।

ਸਾਰੀਆਂ ਸ਼ਕਤੀਆਂ ਤੁੱਛ ਨੇ ਤੇਰੀਆਂ,
ਮਨ ਮਿਰੇ ਨੂੰ ਇਹੋ ਗੱਲ ਹੈ ਭਾ ਗਈ।

ਸਿਦਕ ਦਾ ਜਿਕਰ ਤਾਂ ਬਹੁਤ ਹੀ ਦੂਰ ਹੈ,
ਸੂਲ ਦੀ ਪੀੜ ਵੀ ਜਦ ਜਰੀ ਨਾ ਗਈ।

ਢੂੰਡਿਆ ਨਾ ਮਿਲੇ ਇਹ ਸਕੂਨ ਐ 'ਅਮਨ',
ਪੌਣ ਕੰਨ-ਸੋਅ ਮਿਰੇ ਕੰਨ 'ਚ ਜਦ ਪਾ ਗਈ।

ਬੈਠ ਸਦਾ ਨਹੀ ਬੰਦਿਆ ਇਸ ਜੱਗ ‘ਤੇ ਰਹਿਣਾ,
ਆਖਿਰ ਕਾਲ ਕਰੂਰ ਨੇ ਤੈਨੂੰ ਖਿੱਚਣ ਡਹਿਣਾ।

ਛੱਡ ਦੇ ਮੰਦੇ ਕੰਮ ਤੂੰ ਇਹ ਹੈਂਕੜਬਾਜ਼ੀ,
ਚੰਗੀ ਗੱਲ ਨ੍ਹੀਂ ਦੋਸਤਾ, ਬਿਨ ਗੱਲ ਤੋਂ ਖਹਿਣਾ।

ਕੰਮ ਨਾ ਆਉਂਦੀ ਈਰਖਾ, ਆਉਂਦੀ ਮਿਲਵਰਤਣ,
ਇਹ ਗੱਲ ਸਿਆਣੇ ਆਖਦੇ ਤੂੰ ਮੰਨ ਲੈ ਕਹਿਣਾ।

ਇਹ ਦੁਨੀਆਂ ਹੈ ਮਤਲਬੀ, ਛੱਡ ਆਸ ਬਿਗਾਨੀ,
ਨਹੀਂ ਤਾਂ ਵਿੱਚ ਪਛਤਾਵਿਆਂ, ਹੈ ਪੈਂਦਾ ਵਹਿਣਾ।

ਅੱਲੂ ਕਰੇ ਕੁਵੱਲੀਆਂ ਰੱਬ ਸਿੱਧੀਆਂ ਪਾਵੇ,
ਮਨਆਈਆਂ ਤੂੰ ਛੱਡ ਦੇ, ਸਿੱਖ ਸੁੰਨ 'ਚ ਲਹਿਣਾ।

ਦੇਸ਼ ਪਿਆਰਾ ਦੋਸਤਾ ਨਾ ਜਿੰਦ ਪਿਆਰੀ,
ਜ਼ਿੰਦੜੀ ਵਾਰੇ ਦੇਸ਼ ਤੋਂ ਉਹ ਦੇਸ਼ ਦਾ ਗਹਿਣਾ।

ਫਿਰ ਲੁੱਟਣ ਲਈ ਦੇਸ਼ ਨੂੰ ਆ ਗਏ ਅਬਦਾਲੀ,
ਲੈਣ ਜੋਂ ਆਈ ਅੱਗ ਇਹ, ਘਰਵਾਲੀ ਬਣ ਬਹਿਣਾ।

ਆਪਣੇ ਮੰਜੇ ਹੇਠ ਵੀ, ਤੂੰ ਮਾਰ ਖਾਂ ਸੋਟੀ,
ਅੰਦਰ ਵੜ ਕੇ 'ਅਮਨ' ਨਾ ਹੁਣ ਵਾਧਾ ਸਹਿਣਾ।

✪

ਅੰਬਰ ਕਾਲਾ ਕਾਲਾ, ਮੌਕੇ ਗੰਭੀਰ ਨੇ।
ਚੁੱਪ ਰਹਾਂ ਤਾਂ ਚੰਗਾ, ਕਹਿੰਦੇ ਸਫੀਰ ਨੇ।

ਟੁੱਟ ਗਿਆ ਤਾਂ ਟੁੱਟੇ, ਮਰਜੀਵੜਾ।
ਮੈਨੂੰ ਤਾਂ ਬਹਿਲਾਇਆ, ਚਿੱਟੀ ਲਕੀਰ ਨੇ।

ਮੈਂ ਨਹੀਂ ਮੁਤੱਸਰ ਹੋਇਆ, ਤੇਰੇ ਮਿਜਾਜ਼ ਤੋਂ,
ਆਪਣੇ ਦਿਲ ਦੀ ਕਹਿ ਦੇ, ਝੱਲੇ ਜੋ ਤੀਰ ਨੇ।

ਸ਼ਹਿਦ ਅੱਖਾਂ 'ਚ ਮੇਰੇ, ਪਾ ਨਾ ਓ ਮਹਿਰਮਾ,
ਅੱਖਾਂ 'ਚ ਮੇਰੇ ਭਾਵੇਂ, ਲੱਖਾਂ ਕਸੀਰ ਨੇ।

ਮੇਰੀ ਕੁੱਲੀ ਨੂੰ ਆ ਕੇ, ਤੁਸੀ ਘੇਰਾ ਪਾ ਲਿਆ,
ਮੇਰੇ ਨਾਲੋਂ ਲੱਖਾਂ, ਪਿੰਡ 'ਚ ਅਮੀਰ ਨੇ।

ਮੈਂ ਦੇਖੀਆਂ ਜੰਜ਼ੀਰਾਂ, ਮੈਂ ਪਹਿਨੀਆਂ ਜੰਜ਼ੀਰਾਂ,
ਮੇਰੇ ਤਾਂ ਕਰਮ ਆਪਣੇ, ਮੇਰੀ ਜੰਜ਼ੀਰ ਨੇ।

ਬੱਕਰੀ ਦਾ ਦੁੱਧ ਨਾ ਮਿਲਿਆ, ਮੈਨੂੰ ਗਰੀਬ ਨੂੰ ,
ਇੱਜੜ ਚਰਾਉਂਦੇ ਮੇਰੇ, ਖੇਤੀ ਅਹੀਰ ਨੇ।

ਆਖਾਂ ਕੀ ਨਾ ਆਖਾਂ, ਐ ਅਕਲਾਂ ਵਾਲਿਓ,
ਸ਼ਿਅਰ ਮੇਰੀ ਗਜ਼ਲ ਦੇ, ਮੇਰੀ ਤਕਦੀਰ ਨੇ।

ਸਮਝ ਨਹੀਂ ਆਉਂਦਾ ਮਸਲਾ, ਖਾਲਕ ਤੇ ਖਲਕ ਦਾ,
'ਅਮਨ' ਤੂੰ ਏਥੇ ਫੇਲ੍ਹ ਹੈਂ, ਦੱਸਿਆ ਤਾਸੀਰ ਨੇ।